

# ਨੈਣਾਂ ਦੇ ਵਣਜਾਰੇ

ਸੁਖਦੇਵ ਮਾਦਪੁਰੀ

## ਸੁਖਦੇਵ ਮਾਦਪੁਰੀ ਰਚਿਤ ਪੁਸਤਕਾਂ

**ਲੋਕ ਸਾਹਿਤ**

ਪੰਜਾਬੀ ਬੁਝਾਰਤਾਂ

ਲੋਕ ਬੁਝਾਰਤਾਂ

ਖੇਡਾਂ ਦੇਸ਼ ਪੰਜਾਬ ਦੀਆਂ

ਪੰਜਾਬ ਦੀਆਂ ਲੋਕ ਖੇਡਾਂ

ਗਾਉਂਦਾ ਪੰਜਾਬ

ਨੈਣਾਂ ਦੇ ਵਣਜਾਰੇ

ਜ਼ਰੀ ਦਾ ਟੋਟਾ

**ਨਾਟਕ**

ਪ੍ਰਾਇਆ ਧਨ

**ਬਾਲ ਸਾਹਿਤ**

ਜਾਦੂ ਦਾ ਸ਼ੀਸ਼ਾ

ਸੋਨੇ ਦਾ ਬਕਰਾ

ਕੇਸੂ ਦੇ ਫੁਲ

# ਦੇਸਾਂ ਦੇ ਵਣਜਾਰੇ

ਸੁਖਦੇਵ ਮਾਦਪੁਰੀ

ਲਾਹੌਰ ਬੁਕ ਸ਼ਾਪ, ਲੁਧਿਆਣਾ

ਲੇਖਕ : ਸੁਖਦੇਵ ਮਾਦਪੁਰੀ
ਪਤਾ : ਮਾਦਪੁਰ (ਲੁਧਿਆਣਾ)

ਇਹ ਪੁਸਤਕ ਪੰਜਾਬ ਸਟੇਟ ਯੂਨੀ. ਟੈਕਸਟ ਬੁਕ ਬੋਰਡ
ਚੰਡੀਗੜ੍ਹ ਵਲੋਂ ਦਿਤੇ ਕੋਟੇ ਦੇ ਕਾਗਜ਼ ਤੇ ਛਾਪੀ ਗਈ ।

ਦੂਜੀ ਵਾਰ : ਸਤੰਬਰ ੧੯੭੯

LBS
Rs. 50

ਪ੍ਰਕਾਸ਼ਕ : ਲਾਹੌਰ ਬੁਕ ਸ਼ਾਪ
2, ਲਾਜਪਤ ਰਾਇ ਮਾਰਕੀਟ
(ਨੇੜੇ ਸੁਸਾਇਟੀ ਸਿਨੇਮਾ)
ਲੁਧਿਆਣਾ ।


ਪ੍ਰਿੰਟਰ : ਸ: ਜੀਵਨ ਸਿੰਘ ਐਮ. ਏ.
ਲਾਹੌਰ ਆਰਟ ਪ੍ਰੈਸ,
ਕਾਲਜ ਰੋਡ, ਲੁਧਿਆਣਾ

ਮੋਹਨ ਸਿੰਘ ਕੂਨਰ
ਨੂੰ

# ਤਤਕਰਾ


| | |
|---|---|
| ਹੀਰ ਰਾਂਝਾ | ੯ |
| ਸੱਸੀ ਪੁੰਨੂੰ | ੩੧ |
| ਸੋਹਣੀ ਮਹੀਂਵਾਲ | ੪੧ |
| ਮਿਰਜ਼ਾ ਸਾਹਿਬਾਂ | ੫੫ |
| ਕਾਕਾ ਪਰਤਾਪੀ | ੬੫ |
| ਸੋਹਣਾ ਜ਼ੈਨੀ | ੮੩ |
| ਇੰਦਰ ਬੇਗੋ | ੯੫ |
| ਰੋਡਾ ਜਲਾਲੀ | ੧੦੫ |
| ਅੰਤਕਾ | ੧੧੫ |
| ਲੋਕ-ਗੀਤ | ੧੧੭ |
| ਸੂਚੀ ਕਿੱਸਾਕਾਰ | ੧੫੩ |
| ਪੁਸਤਕ ਸੂਚੀ | ੧੫੬ |

ਮੈਂ ਪੁੰਨੂੰ ਦੀ ਪੁੰਨੂੰ ਮੇਰਾ
ਸਾਡਾ ਪਿਆ ਵਿਛੋੜਾ ਭਾਰਾ
ਦਸ ਵੇ ਰੱਬਾ ਕਿੱਥੇ ਗਿਆ
ਮੇਰੇ ਨੈਣਾਂ ਦਾ ਵਣਜਾਰਾ



# জীবরঙ্গ

ਹੀਰ ਜੰਮੀ ਸੀ ਝੰਗ ਸਿਆਲੀਂ
ਰਾਂਝਾ ਤਖਤ ਹਜ਼ਾਰੇ
ਦੁਖੀਏ ਆਸ਼ਕ ਨੂੰ
ਨਾ ਝਿੜਕੀਂ ਮੁੱਟਿਆਰੇ

"ਵੇ ਕਿਧਰੋਂ ਆ ਗਿਐਂ ਰੋਟੀਆਂ ਦੇ ਨੁਕਸ ਪਰਖਣ ਵਾਲਾ ! ਸਾਥੋਂ ਨੀ ਨਿਤ ਤੇਰੇ ਨਹੋਰੇ ਝੱਲੇ ਜਾਂਦੇ। ਹਰ ਗਲ ਨੂੰ ਨਕ ਬੁਲ੍ਹ ਮਾਰਦਾ ਰਹਿਨੈ ! ਕਖ ਭਨਕੇ ਦੂਹਰਾ ਨੀ ਕਰਦਾ ਉਤੋਂ ਆ ਜਾਂਦੈ ਧੌਂਸ ਦਖਾਉਣ। ਵੇਖ ਲਵਾਂਗੇ ਵੱਡੇ ਨਾਢੂ ਖਾਨ ਨੂੰ ਜਦੋਂ ਸਿਆਲਾਂ ਦੀ ਹੀਰ ਨੂੰ ਪਰਨਾ ਲਿਆਵੇਂਗਾ।"

ਭਾਬੀ ਦੀ ਇਸ ਬੋਲੀ ਨਾਲ ਧੀਦੋ ਤੜਪ ਉਠਿਆ ! ਰੋਟੀ ਉਸ ਪਰੇ ਵਗਾਹ ਮਾਰੀ। ਸੋਲਾਂ ਸਤਾਰਾਂ ਵਰ੍ਹੇ ਦੇ ਲਡਿਕੇ ਧੀਦੋ ਦੀ ਅਣਖ ਵੰਗਾਰ ਪਈ, "ਭਾਬੀ ਜੇ ਤੁਸੀਂ ਨਹੀਂ ਇਹੋ ਜਹੀਆਂ ਬੋਲੀਆਂ ਮਾਰੋਗੀਆਂ ਤਾਂ ਭਲਾ ਹੋਰ ਕਿਹੜਾ ਮਾਰੇਗਾ ! ਤੁਸੀਂ ਮੇਰੇ ਨਹੋਰੇ ਪਰਖਦੀਆਂ ਓ ! ਭਰਾਵਾਂ ਨੇ ਮੇਰੇ ਨਾਲ ਧੋਖਾ ਕਰਕੇ ਚੰਗੀ ਭੋਂ ਆਪ ਸਾਂਭ ਲਈ ਏ ਤੇ ਮੇਰੇ ਲਈ ਕੱਲਰ ਰਖ ਦਿੱਤੈ। ਉਤੋਂ ਆਖਦੇ ਓ ਮੈਂ ਕੰਮ ਨਹੀਂ ਕਰਦਾ। ਤੁਸੀਂ ਅਜ ਹੀਰ ਦਾ ਤਾਹਨਾ ਦਿੱਤੈ, ਮੈਂ ਜੀਂਦੇ ਜੀ ਹੀਰ ਬਿਨਾਂ ਤੁਹਾਨੂੰ ਮੂੰਹ ਨਹੀਂ ਵਖਾਵਾਂਗਾ......"

ਇਹ ਆਖ ਧੀਦੋ ਨੇ ਅੰਦਰੋਂ ਕਪੜਿਆਂ ਦੀ ਇਕ ਪੋਟਲੀ ਕਢੀ ਅਤੇ ਵੰਝਲੀ ਕੱਛੇ ਮਾਰ ਪਿੰਡੋ ਨਿਕਲ ਟੁਰਿਆ। ਉਹ ਕਿਧਰ ਜਾ ਰਿਹਾ ਸੀ, ਉਹ ਆਪ ਨਹੀਂ ਸੀ ਜਾਣਦਾ। ਭਾਬੀਆਂ ਦੇ ਤਾਹਨੇ ਉਹਨੂੰ ਸੁਣਦੇ ਪਏ ਸਨ, ਹੀਰ ਦੀ

ਧੁੰਦਲੀ ਤਸਵੀਰ ਉਹਦੇ ਮਨ ਵਿਚ ਉਕਰੀ ਜਾ ਰਹੀ ਸੀ। ਗਿੱਧੇ ਵਿਚ ਸੁਣੀ ਇਕ ਬੋਲੀ ਦੇ ਬੋਲ ਉਹਨੂੰ ਯਾਦ ਆਏ :

ਹੀਰ ਨੇ ਸੱਦੀਆਂ ਸੱਭੇ ਸਹੇਲੀਆਂ
ਸਭ ਦੀਆਂ ਨਵੀਆਂ ਪੁਸ਼ਾਕਾਂ
ਗਹਿਣੇ ਗੱਟੇ ਸਭ ਦੇ ਸੋਂਹਦੇ
ਮੈਂ ਹੀਰ ਗੋਰੀ ਵਲ ਝਾਕਾਂ
ਕੰਨੀ ਹੀਰ ਦੇ ਸਜਣ ਕੋਕਰੂ
ਪੈਰਾਂ ਦੇ ਵਿਚ ਬਾਂਕਾਂ—
ਗਿੱਧੇ ਦੀਏ ਪਰੀਏ ਨੀ
ਤੇਰੇ ਰੂਪ ਨੇ ਪਾਈਆਂ ਧਾਕਾਂ।

ਉਹ ਅਪਣੇ ਆਪ ਮੁਸਕਰਾਇਆ। "ਆਹ ! ਕਿੰਨੀ ਮਨ ਮੋਹਣੀ ਹੋਵੇਗੀ ਹੀਰ ਜੀਹਦੇ ਰੂਪ ਦੀਆਂ ਧਾਕਾਂ ਸਾਰੇ ਸੰਸਾਰ ਵਿਚ ਪੈ ਗਈਆਂ ਨੇ ! ਉਹਨੂੰ ਵੇਖਿਆਂ ਭੁਖ ਲਹਿੰਦੀ ਹੋਵੇਗੀ ! ਜੇ ਕਿਤੇ ਉਹਦਾ ਦੀਦਾਰ ਹੋ ਜਾਵੇ ਤਾਂ ਬਸ !" ਉਸ ਸੋਚਿਆ ਅਤੇ ਡੂੰਘੀ ਆਹ ਭਰੀ।

ਧੀਦੋ ਅਜੇ ਛੋਟਾ ਹੀ ਸੀ ਜਦੋਂ ਉਹਦੀ ਮਾਂ ਮਰ ਗਈ! ਉਹਦਾ ਬਾਪ ਮੌਜੂ ਤਖਤ ਹਜ਼ਾਰੇ ਦਾ ਚੌਧਰੀ ਸੀ। ਚੰਗਾ ਖਾਂਦਾ ਪੀਂਦਾ ਘਰ ਸੀ। ਸਾਰੇ ਇਲਾਕੇ ਵਿਚ ਮੌਜੂ ਚੌਧਰੀ ਦੀ ਇਜ਼ਤ ਬਣੀ ਹੋਣੀ ਸੀ। ਜ਼ਾਤ ਦਾ ਉਹ ਮੁਸਲਮਾਨ ਸੀ ਤੇ ਰਾਂਝਾ ਉਨ੍ਹਾਂ ਦਾ ਗੋਤ ਸੀ। ਉਹਦੇ ਘਰ ਅਠ ਪੁੱਤਰ ਹੋਏ, ਧੀਦੋ ਉਹਦਾ ਸਭ ਤੋਂ ਛੋਟਾ ਅਤੇ ਪਿਆਰਾ ਪੁੱਤਰ ਸੀ। ਮੌਜੂ ਨੇ ਮਾਂ ਮਹਿਟਰ ਧੀਦੋ ਨੂੰ ਬੜਿਆਂ ਲਾਡਾਂ ਮਲਾਰਾਂ ਨਾਲ ਪਾਲਿਆ। ਧੀਦੋ ਮਸਾਂ ਦਸ ਬਾਰਾਂ ਵਰ੍ਹਿਆਂ ਦਾ ਹੋਇਆ ਸੀ ਕਿ ਮੌਜੂ ਦੀ ਮੌਤ ਹੋ ਗਈ। ਮਗਰੋਂ ਉਹਦੇ ਭਰਾਵਾਂ ਨੇ ਭੌਂ ਵੰਡ ਲਈ, ਚੰਗੀ ਚੰਗੀ ਆਪ ਰਖ ਲਈ ਕੱਲਰ ਤੇ ਮਾਰੂ ਜ਼ਮੀਨ ਧੀਦੋ ਦੇ ਹਿੱਸੇ ਪਾ ਦਿੱਤੀ ਲਾਡਲਾ ਤੇ ਛੈਲ ਛਬੀਲਾ ਧੀਦੋ ਭਲਾ ਕੰਮ ਕਿੱਥੋਂ ਕਰਦਾ ! ਉਹ ਆਪਣੇ ਪੱਟਾਂ ਨੂੰ ਲਸ਼ਕਾਈ ਬੋਦੇ ਵਾਹੀਂ,

ਹਥ ਵਿਚ ਵੰਝਲੀ ਲਈਂ ਸਾਰਾ ਸਾਰਾ ਦਿਨ ਪਿੰਡ ਦੀਆਂ ਗਲੀਆਂ ਵਿਚ ਫਿਰ ਤੁਰ ਛੱਡਦਾ ਜਾਂ ਸੁਹਣੀਆਂ ਤ੍ਰੀਮਤਾਂ ਨਾਲ ਜਕੜਾਂ ਮਾਰ ਲੈਂਦਾ। ਜਦੋਂ ਉਹ ਘਰ ਆਕੇ ਰੋਟੀ ਖਾਣ ਲਗਦਾ ਤਾਂ ਉਹਦੀਆਂ ਭਾਬੀਆਂ ਉਹਨੂੰ ਕੰਮ ਨਾ ਕਰਨ ਕਰ ਕੇ ਵਢਣ ਖਾਣ ਨੂੰ ਪੈਂਦੀਆਂ। ਨਿਤ ਦਿਆਂ ਤਾਹਨਿਆਂ ਮਿਹਣਿਆਂ ਤੋਂ ਸਤਿਆ ਉਹ ਘਰੋਂ ਨਿਕਲ ਟੁਰਿਆ......

ਧੀਦੋ ਆਪਣੇ ਵਿਚਾਰਾਂ ਵਿਚ ਮਗਨ ਟੁਰਦਾ ਰਿਹਾ, ਟੁਰਦਾ ਰਿਹਾ! ਆਪਣੀ ਮਾਂ ਦੀ ਅਣਪਛਾਤੀ ਜਹੀ ਯਾਦ ਉਹਨੂੰ ਆਈ, ਉਹਦੀਆਂ ਅੱਖਾਂ ਵਿਚੋਂ ਮਮਤਾ ਦੇ ਅਥਰੂ ਵਗ ਤੁਰੇ! ਮੌਜੂ ਦੀ ਜਾਣੀ ਪਛਾਣੀ ਤਸਵੀਰ ਉਹਦ ਨੈਣਾਂ ਵਿਚ ਉਤਰੀ, ਉਹਦੇ ਕਲੇਜੇ ਵਿਚੋਂ ਰੁਗ ਭਰਿਆ ਗਿਆ! ਉਹਦੇ ਭਰਾਵਾਂ ਅਤੇ ਉਹਦੀਆਂ ਭਾਬੀਆਂ ਦੀਆਂ ਸ਼ਕਲਾਂ ਉਹਦੇ ਸਾਹਮਣੇ ਆਈਆਂ, ਉਹਨੇ ਕੌੜਾ ਘੁਟ ਭਰਿਆ! ਅਣਵੇਖੀ ਹੀਰ ਸਲੇਟੀ ਦਾ ਉਹਨੂੰ ਖਿਆਲ ਆਇਆ, ਉਹਦੇ ਪੈਰਾਂ ਵਿਚ ਹੋਰ ਤੇਜ਼ੀ ਆ ਗਈ! ਇਕ ਅਨੂਠੀ ਮੁਸਕਾਨ ਉਹਦੇ ਬੁਲ੍ਹਾਂ ਤੇ ਨਚ ਪਈ ਤੇ ਉਹਨੇ ਵੰਝਲੀ ਦੀਆਂ ਮਿੱਠੀਆਂ ਸੁਰਾਂ ਛੇੜ ਦਿੱਤੀਆਂ!

ਸ਼ਾਮ ਨੂੰ ਉਹ ਤਖਤ ਹਜ਼ਾਰੇ ਤੋਂ ਵੀਹ ਪੰਝੀ ਮੀਲ ਦੀ ਵਾਟ ਤੇ ਲੰਗਰ ਮਖਤੂਮ ਨਾਮੀ ਪਿੰਡ ਵਿਚ ਪੁਜ ਗਿਆ। ਇਸੇ ਪਿੰਡ ਦੀ ਮਸੀਤ ਵਿਚ ਉਹਨੇ ਰਾਤ ਬਤੀਤ ਕੀਤੀ।

ਕੁੱਕੜ ਨੇ ਬਾਂਗ ਦਿੱਤੀ। ਧੀਦੋ ਉਠਿਆ, ਮਸੀਤ ਦੀ ਖੂਹੀ ਤੋਂ ਅਸ਼ਨਾਨ ਕੀਤਾ, ਅਪਣੇ ਆਪ ਨੂੰ ਰੀਝ ਨਾਲ ਸੁਆਰਿਆ ਤੇ ਝੰਗ ਸਿਆਲਾਂ ਨੂੰ ਚਾਲੇ ਪਾ ਲਏ। ਉਹਦੀ ਮੰਜ਼ਲ ਹੁਣ ਹੀਰ ਦਾ ਪਿੰਡ ਸੀ। ਉਹ ਸਿਆਲੀਂ ਜਾ ਕੇ ਕੀ ਕਰੇ ਗਾ? ਉਹ ਹੀਰ ਨੂੰ ਕਿਵੇਂ ਮਿਲੇਗਾ? ਇਹ ਨਹੀਂ ਸੀ ਸੋਚ ਰਿਹਾ। ਬਸ ਉਹ ਤਾਂ ਕੇਵਲ ਸਿਆਲਾਂ ਨੂੰ ਜਾ ਰਿਹਾ ਸੀ।

—੨—

ਜਦੋਂ ਉਹ ਝਨਾਂ ਦੇ ਤ੍ਰਿਮੂੰ ਨਾਮੀ ਪੱਤਣ ਤੇ ਪੁੱਜਾ ਉਹ ਥੱਕ ਕੇ ਚੂਰ ਹੋ

ਚੁਕਿਆ ਸੀ। ਉਰਲੇ ਕੰਢੇ ਤੋਂ ਪਾਰਲੇ ਕੰਢੇ ਵਲ ਬੇੜੀ ਤੈਰਦੀ ਜਾ ਰਹੀ ਸੀ। ਉਸ ਆਲੇ ਦੁਆਲੇ ਨਜ਼ਰ ਮਾਰੀ, ਇਕ ਬੇੜੀ ਵਿਚ ਬੜਾ ਸਜੀਲਾ ਪਲੰਘ ਪਿਆ ਸੀ। ਉਹ ਮੁੜਦੀ ਬੇੜੀ ਦੀ ਉਡੀਕ ਕਰਨ ਲਈ ਉਸ ਸਜੀਲੇ ਪਲੰਘ ਤੇ ਇਕ ਪਲ ਲਈ ਬੈਠ ਗਿਆ। ਪਰੰਤੂ ਉਹਦੇ ਉਥੇ ਬੈਠਣ ਦੀ ਦੇਰ ਸੀ ਕਿ ਉਹਨੂੰ ਨੀਂਦ ਨੇ ਜ਼ੋਰ ਪਾ ਲਿਆ ਤੇ ਉਹ ਉਥੇ ਹੀ ਅਪਣੇ ਉੱਤੇ ਚਾਦਰ ਤਾਣਕੇ ਸੌਂ ਗਿਆ।

ਪੱਤਣ ਦਾ ਮਲਾਹ ਲੁੱਡਣ ਪਾਰਲੇ ਕੰਢੇ ਤੋਂ ਬੇੜੀ ਮੋੜ ਲਿਆਇਆ। ਉਹਨੂੰ ਇਹ ਨਹੀਂ ਸੀ ਪਤਾ ਕਿ ਕੋਈ ਸਜੀਲੇ ਪਲੰਘ ਤੇ ਸੁੱਤਾ ਪਿਆ ਹੈ। ਉਹ ਕੰਢੇ ਤੇ ਬੈਠਕੇ ਹੁੱਕਾ ਪੀਣ ਲਗ ਗਿਆ। ਉਹਦੀਆਂ ਦੋਨੋਂ ਤੀਵੀਆਂ ਵੀ ਉਹਦੇ ਪਾਸ ਆਕੇ ਬੈਠ ਗਈਆਂ। ਉਹ ਗੱਲਾਂ ਵਿਚ ਰੁਝ ਗਿਆ ਜਿਸ ਕਰਕੇ ਉਹ ਉਸ ਪਲੰਘ ਬਾਰੇ, ਸੋਚ ਵੀ ਨਾ ਸਕਿਆ, ਜੀਹਦਾ ਉਹ ਅਪਣੀ ਜਿੰਦ ਨਾਲੋਂ ਵੀ ਵਧ ਖਿਆਲ ਰਖਦਾ ਸੀ।

ਇਕ ਘੰਟਾ ਲੰਘ ਗਿਆ। ਮੁਸਾਫਰ ਘੂਕ ਸੁੱਤਾ ਪਿਆ ਸੀ।

ਹਵਾ ਵਿਚੋਂ ਮਹਿਕ ਆਈ! ਲੁੱਡਣ ਉਠਕੇ ਵੇਖਿਆ—ਅਲ੍ਹੜ ਮੁਟਿਆਰਾਂ ਦੀ ਟੋਲੀ ਪੱਤਣ ਤੇ ਪੁਜ ਗਈ ਸੀ? ਉਹਨੇ ਬੇੜੀ ਵਲ ਨਿਗਾਹ ਮਾਰੀ! ਕਿਸੇ ਮੁਸਾਫਰ ਨੂੰ ਪਲੰਘ ਤੇ ਸੁੱਤਾ ਵੇਖਕੇ ਉਹਦਾ ਤ੍ਰਾਹ ਨਿਕਲ ਗਿਆ! ਪਰ ਹੁਣ ਕੀ ਕਰਦਾ? ਮੁਟਿਆਰਾਂ ਦੇ ਖੁਸ਼ੀਆਂ ਭਰੇ ਹਾਸਿਆਂ ਨਾਲ ਪੱਤਣ ਦੀਆਂ ਵਾਵਾਂ ਵਿਚ ਸੁਗੰਧ ਖਿਲਰੀ ਪਈ ਸੀ। ਮੁਟਿਆਰਾਂ ਦੀ ਟੋਲੀ ਉਹਦੇ ਸਿਰ ਤੇ ਪੁਜ ਚੁੱਕੀ ਸੀ!

"ਵੇ ਲੁੱਡਣਾ! ਔਹ ਮੇਰੀ ਸੇਜ ਤੇ ਕਿਹੜਾ ਸੁੱਤਾ ਪਿਐ?" ਟੋਲੀ ਦੀ ਸਰਦਾਰ ਹੁਸ਼ਨਾਕ ਮੁਟਿਆਰ ਦੇ ਮੱਥੇ ਤੇ ਤਿਊੜੀ ਪਈ।

"ਬੀਬੀ, ਪਤਾ ਨੀ ਕਿਹੜਾ ਆਣ ਸੁੱਤੈ! ਮੈਂ ਵੀ ਹੁਣੇ ਵੇਖਿਐ!" ਲੁੱਡਣ ਨੇ ਦੋਨੋਂ ਹਥ ਜੋੜਕੇ ਕੰਬਦਿਆਂ ਕੰਬਦਿਆਂ ਉੱਤਰ ਦਿਤਾ।

ਇਹ ਮੁਟਿਆਰ ਉਹਦੇ ਮਾਲਕ ਦੀ ਅਲਬੇਲੀ ਧੀ ਸੀ।

"ਬੁਢਿਆ ਤੂੰ ਦਾਈਆਂ ਕੋਲੋਂ ਢਿਡ ਲਕੋਨਾ ਏਂ, ਇਹ ਸਭ ਤੇਰੀ ਸ਼ਰਾਰਤ

ਲਖਦੀ ਐ। ਤੂੰ ਉਹਤੋਂ ਮੇਰੀ ਸੇਜ ਤੇ ਸੌਣ ਦੇ ਪੈਸੇ ਬਟੋਰੇ ਹੋਣਗੇ ! ਪਹਿਲਾਂ ਉਹ ਨੂੰ ਸੌਣ ਦਾ ਸੁਆਦ ਚਖਾ ਲਵਾਂ ਫੇਰ ਲੈਨੀਆਂ ਤੇਰੀ ਖਬਰ।" ਉਹ ਕੜਕਦੀ ਹੋਈ ਬੋਲੀ।

ਉਹ ਨੇ ਕੋਲ ਪਈਆਂ ਤੂਤ ਦੀਆਂ ਛਟੀਆਂ ਵਿਚੋਂ ਇਕ ਹਰੀ ਛਮਕੀ ਚੁੱਕ ਲਈ ਤੇ ਚਾਦਰ ਤਾਣੀ ਪਏ ਮੁਸਾਫਰ ਦੁਆਲੇ ਹੋ ਗਈ।

"ਵੇ ਤੂੰ ਕਿਹੜੈਂ ਏਥੇ ਲੰਮੀਆਂ ਤਾਣੀ ਪਿਆ," ਉਹ ਨੇ ਛਮਕੀ ਦੀ ਹੁਜ ਮਾਰੀ। ਪਰ ਉਹ ਘੂਕ ਸੁੱਤਾ ਪਿਆ ਸੀ।

ਮੁਟਿਆਰ ਦੀਆਂ ਗੁਲਾਬੀ ਗੱਲ੍ਹਾਂ ਗੁੱਸੇ ਨਾਲ ਭਖ ਉੱਠੀਆਂ। ਉਹ ਨੇ ਸੁੱਤੇ ਪਏ ਮੁਸਾਫਰ ਦੇ ਤਿੰਨ ਚਾਰ ਛਮਕਾਂ ਜੜ ਦਿੱਤੀਆਂ। ਰਾਂਝੇ ਮੁਖ ਤੋਂ ਪੱਲਾ ਪਰੇ ਸਰਕਾਇਆ—ਅਸਮਾਨੀ ਚੰਦ ਦੀ ਖ਼ੂਬਸੂਰਤ ਟੁਕੜੀ ਧਰਤ ਤੇ ਉਤਰ ਪਈ ! ਮੁਟਿਆਰ ਦੀਆਂ ਅੱਖਾਂ ਚੁੰਧਿਆਂ ਗਈਆਂ ਤੇ ਛਮਕੀ ਉਹ ਦੇ ਹੱਥ ਵਿਚੋਂ ਪਰੇ ਜਾ ਡਿੱਗੀ। ਮੁਸਾਫਰ ਮੁਸਕਰਾਂਦਾ ਬੋਲਿਆ, "ਮੁਟਿਆਰੇ ਕਿਉਂ ਰੁਕ ਗਈਂ ਏਂ ! ਇਹੋ ਜਹੀਆਂ ਛਮਕਾਂ ਤਾਂ ਰਬ ਨਿਤ ਮਰਵਾਵੇ !"

ਮੁਟਿਆਰ ਸ਼ਰਮਾ ਗਈ ! ਮੁਟਿਆਰ ਦੇ ਬਾਂਕੇ ਸਰੀਰ ਨੇ ਧੀਦੋ ਤੇ ਕੋਈ ਜਾਦੂ ਧੂੜ ਦਿੱਤਾ। ਧੀਦੋ ਦੀ ਮਨਮੋਹਣੀ ਸੂਰਤ ਮੁਟਿਆਰ ਦੇ ਧੁਰ ਅੰਦਰ ਲਹਿ ਗਈ !

"ਵੇ ਤੂੰ ਹੈਂ ਕੌਣ ਤੇ ਤੈਂ ਜਾਣਾ ਕਿੱਥੇ ਐ ?" ਮੁਟਿਆਰ ਮੁਸਕਰਾਂਦੀ ਹੋਈ ਬੋਲੀ।

"ਮੈਂ ਰਾਹੀ ਆਂ ਮੁਟਿਆਰੇ, ਬੜੀ ਦੂਰੋਂ ਆਇਆਂ ਤਖਤ ਹਜ਼ਾਰੇ ਤੋਂ ! ਮੇਰਾ ਨਾਂ ਧੀਦੋ ਰਾਂਝਾ ਏ ! ਮੇਰਾ ਭਾਈਆ ਮੌਜੂ ਚੌਧਰੀ ਸੀ, ਉਹ ਮਰ ਗਿਆ ਏ। ਮਗਰੋਂ ਮੇਰੇ ਭਰਾਵਾਂ ਨੇ ਮੇਰੇ ਨਾਲ ਧੋਖਾ ਕੀਤਾ ਏ ਤੇ ਮੈਂ ਘਰੋਂ ਆ ਗਿਆ ! ਮੈਂ ਝੰਗ ਸਿਆਲੀਂ ਹੀਰ ਸਲੇਟੀ ਦੇ ਦੀਦਾਰ ਲਈ ਚਲਿਆਂ ! ਕਹਿੰਦੇ ਨੇ ਬੜੀ ਹੁਸ਼ਨਾਕ ਏ। ਮੁਟਿਆਰੇ ਤੂੰ ਉਹਦਾ ਕੋਈ ਥੁਹ ਪਤਾ ਦਸ।" ਰਾਂਝੇ ਨੇ ਬਿਨਾਂ ਲਕੋ ਦੇ ਸਾਰੀ ਗਲ ਸਪੱਸ਼ਟ ਕਰ ਦਿੱਤੀ !

ਇਹ ਸੁਣ ਸਾਰੀਆਂ ਮੁਟਿਆਰਾਂ ਤਾੜੀ ਮਾਰਕੇ ਹੱਸ ਪਈਆਂ। ਵ੍ਹਾਵਾਂ ਵਿਚ ਕੇਸਰ ਘੁਲ ਗਏ ! ਰਾਂਝੇ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਇਹੋ ਜਹੀ ਕਿਹੜੀ ਗਲ ਆਖ ਬੈਠਾ ਹੈ ਜੀਹਦੇ ਕਾਰਨ ਸਾਰੀਆਂ ਮੁਟਿਆਰਾਂ ਹਸ ਹਸ ਦੂਹਰੀਆਂ ਹੋ ਰਹੀਆਂ ਨੇ।

''ਅੱਛਾ ! ਤਾਂ ਤੂੰ ਹੀਰ ਵਾਸਤੇ ਐਡੀ ਦੂਰੋਂ ਆਇਐਂ ! ਜੋੜ ਤਾਂ ਬੜਾ ਸੁਹਣਾ ਜੁੜਿਆ ਏ।'' ਇਕ ਹੋਰ ਮੁਟਿਆਰ ਅੱਗੇ ਵਧੀ : ਛਮਕੀ ਵਾਲੀ ਮੁਟਿਆਰ ਹੁਣ ਦੂਜੀਆਂ ਮੁਟਿਆਰਾਂ ਵਿਚਕਾਰ ਗੁਆਚ ਗਈ ਸੀ !

''ਚਲ ਵੇ ਰਾਂਝਿਆ ਤੈਨੂੰ ਹੀਰ ਦੇ ਘਰ ਲੈ ਚੱਲੀਏ !'' ਇਕ ਹੋਰ ਜਵਾਨੀ ਨੇ ਚਸਕਾ ਲਿਆ।

ਰਾਂਝਾ ਉਨ੍ਹਾਂ ਦੇ ਮਗਰ ਹੋ ਟੁਰਿਆ।

ਲੁੱਡਣ ਉਨ੍ਹਾਂ ਵਲ ਬਿਟ ਬਿਟ ਤਕਦਾ ਖੜਾ ਰਿਹਾ।

ਝੰਗ ਪਿੰਡ ਦੇ ਚੜ੍ਹਦੇ ਪਾਸੇ ਚੂਚਕ ਚੌਧਰੀ ਦੀ ਹਵੇਲੀ ਸੀ। ਸਾਰੀਆਂ ਮੁਟਿਆਰਾਂ ਮੁਗਧ ਹੋਈਆਂ ਅਪਣੇ ਆਪਣੇ ਘਰਾਂ ਨੂੰ ਚਲੀਆ ਗਈਆਂ। ਉਸ ਮੁਟਿਆਰ ਦੇ ਪਿੱਛੇ ਪਿੱਛੇ ਤੁਰਦਾ ਰਾਂਝਾ ਚੂਚਕ ਦੀ ਹਵੇਲੀ ਜਾ ਵੜਿਆ। ਅੱਗੇ ਰੰਗੀਲੇ ਪਲੰਗ ਉੱਤੇ ਬੈਠਾ ਚੌਧਰੀ ਹੁੱਕਾ ਪੀ ਰਿਹਾ ਸੀ। ਉਨ੍ਹਾਂ ਵਲ ਉਹ ਉਤਸੁਕਤਾ ਨਾਕ ਵੇਖਣ ਲੱਗਾ !

ਭਾਈਆ ਮੈਂ ਮੱਝਾਂ ਚਾਰਨ ਲਈ ਚਾਕ ਲਭ ਲਿਆਈ ਆਂ। ਇਹ ਜ਼ਾਤ ਦਾ ਰਾਂਝਾ ਏ—ਤੇ ਤਖਤ ਹਜ਼ਾਰੇ ਦੇ ਚੌਧਰੀ ਮੌਜੂ ਦਾ ਪੁੱਤਰ ਏ। ਇਹ ਘਰੋਂ ਭਾਈਆਂ ਨਾਲ ਲੜਕੇ ਏਧਰ ਚਾਕਰੀ ਕਰਨ ਆਇਆ ਏ।'' ਮੁਟਿਆਰ ਨੇ ਚੂਚਕ ਦੀਆਂ ਪ੍ਰਸ਼ਨ ਸੂਚਕ ਨਿਗਾਹਾਂ ਦਾ ਉਤਰ ਬੜੀ ਸਿਆਣਪ ਨਾਲ ਦੇ ਦਿੱਤਾ !

ਚੂਚਕ ਨੇ ਨੀਵੀਂ ਪਾਈ ਖੜੇ ਰਾਂਝੇ ਵਲ ਵੇਖਿਆ, ਉਹ ਦੇ ਸਾਰੇ ਸਰੀਰ ਤੇ ਫਿਰਵੀਂ ਨਜ਼ਰ ਮਾਰੀ, ਉਹ ਨੇ ਇਸ਼ਾਰਾ ਕਰਕੇ ਆਪਣੇ ਪਾਸ ਸਦ ਲਿਆ,

ਉਹ ਦੀ ਪਿਠ ਤੇ ਥਾਪੀ ਦਿੱਤੀ ਅਤੇ ਅਪਣੇ ਨਾਲ ਪਲੰਘ ਤੇ ਬਠਾ ਲਿਆ। ਅਪਣੀ ਧੀ ਨੂੰ ਸੰਬੋਧਨ ਕਰਕੇ ਉਹ ਨੇ ਕਿਹਾ, "ਜਾ ਹੀਰੇ ਇਹ ਨੂੰ ਕਾੜ੍ਹਨੀ ਵਿੱਚੋਂ ਦੁਧ ਦਾ ਛੰਨਾ ਕਢਕੇ ਪਲਾ ਸਵੇਰੇ ਦਾ ਭੁਖਾ ਹੋਵੇਗਾ।"

"ਹੀਰ" ਸ਼ਬਦ ਦੀ ਆਵਾਜ਼ ਰਾਂਝੇ ਦੇ ਕੰਨੀਂ ਪਈ। ਉਹ ਨੇ ਉਸ ਮੁਟਿਆਰ ਵਲ ਵੇਖਿਆ ਤੇ ਦੋਨੋਂ ਮੁਸਕੜੀਏਂ ਮੁਸਕਰਾ ਪਏ। ਦੋਨੋਂ ਮੁਸਕਾਨਾਂ ਇਕ ਦੂਜੇ ਨੂੰ ਕਤਲ ਕਰ ਗਈਆਂ।

ਰਾਝਾਂ ਹੀਰ ਦੇ ਘਰ ਮੱਝਾਂ ਤੇ ਚਾਕ ਰਹਿ ਪਿਆ।

— ੩ —

ਰਾਂਝਾ ਸਾਜਰੇ ਹੀ ਵੱਗ ਨੂੰ ਬੇਲੇ ਵਿਚ ਲੈ ਜਾਂਦਾ। ਜਦ ਵੰਝਲੀ ਤੇ ਮਿੱਠੀਆਂ ਸੁਰਾਂ ਖੇੜਦਾ, ਸਾਰਾ ਬੇਲਾ ਨਸ਼ਿਆ ਜਾਂਦਾ। ਚਰਦੇ ਪਸ਼ੂ ਬੂਥੀਆਂ ਚੁੱਕਕੇ ਉਹਦੀਆਂ ਤਾਨਾ ਸੁਣਨ ਲਈ ਖੜ੍ਹੋ ਜਾਂਦੇ। ਹੀਰ ਬੜੀ ਰੀਝ ਨਾਲ ਰਾਂਝੇ ਲਈ ਚੂਰੀ ਕੁਟਦੀ ਤੇ ਆਪ ਬੇਲੇ ਵਿਚ ਜਾ ਪੁਜਦੀ।

ਇਕ ਦਿਨ ਜਦੋਂ ਉਹ ਬੇਲੇ ਵਿਚ ਪੁੱਜੀ ਤਾਂ ਰਾਂਝੇ ਦੀ ਕੋਇਲ ਜੇਹੀ ਵਾਜ ਉਹ ਦੇ ਕੰਨੀਂ ਪਈ। ਉਹ ਉਹਦੀ ਪਿਠ ਪਿੱਛੇ ਮਲ੍ਹਕ ਦੇਕੇ ਖੜ੍ਹੋ ਗਈ। ਰਾਂਝਾ ਵਜਦ ਵਿਚ ਆਕੇ ਗਾ ਰਿਹਾ ਸੀ :

ਆਖੋਂ ਗਲ ਤਾਂ ਹੀਰੇ ਕਹਿਕੇ ਸੁਣਾ ਦਿਆਂ ਨੀ
ਦੇਕੇ ਤੈਨੂੰ ਨਢੀਏ ਸੋਹਣੇ ਨੀ ਹਵਾਲੇ
ਇੰਦਰ ਖਾੜੇ ਦੇ ਵਿਚ ਪਰੀਆਂ ਸਭ ਤੋਂ ਚੰਗੀਆਂ ਨੀ
ਗਾਵਣ ਜਿਹੜੀਆਂ ਮਿੱਠੇ ਰਾਗ ਜੋ ਸੁਰਤਾਲੇ
ਮੋਹ ਲਿਆ ਮੈਨੂੰ ਪਰੀਏ ਤੇਰਿਆਂ ਨੀ ਨੈਣਾਂ ਨੇ
ਮੈਂ ਕੀ ਜਾਣਾਂ ਇਹਨਾਂ ਅੱਖੀਆਂ ਦੇ ਚਾਲੇ
ਜਾਲ ਫੈਲਾਇਆ ਹੀਰੇ ਤੇਰੀਆਂ ਅੱਖੀਆਂ ਨੇ

ਉਡਦੇ ਜਾਂਦੇ ਪੰਛੀ ਜਿਨ੍ਹਾਂ ਨੇ ਫਸਾਲੇ
ਤਿੰਨ ਸੌ ਸਠ ਸਹੇਲੀ ਲੈਕੇ ਤੁਰਦੀ ਨਢੀਏ ਨੀ
ਸੂਬੇਦਾਰ ਜਿਉਂ ਸੋਂਹਣੀ ਸਭ ਦੇ ਤੂੰ ਵਿਚਾਲੇ
ਬਲਣ ਮਸ਼ਾਲਾਂ ਵਾਂਗੂੰ ਅੱਖੀਆਂ ਹੀਰੇ ਤੇਰੀਆਂ
ਆਸ਼ਕ ਘੇਰ ਤੈਂ ਭਮਕੱੜ ਵਿਚ ਫਸਾਲੇ
ਮੁਖੜਾ ਤੇਰਾ ਹੀਰੇ ਸੋਹਣਾ ਫੁਲ ਗੁਲਾਬ ਨੀ
ਆਸ਼ਕ ਭੌਰ ਜੀਹਦੇ ਫਿਰਦੇ ਨੀ ਉਦਾਲੇ
ਸੇਹਲੀ ਤੇਰੀ ਨਢੀਏ ਵਾਂਗ ਨੀ ਕਮਾਣ ਦੇ
ਅੱਖੀਆਂ ਤੇਰੀਆਂ ਨੇ ਤੀਰ ਨਿਸ਼ਾਨੇ ਲਾਲੇ
ਵਿੰਨ੍ਹਿਆਂ ਕਾਲਜਾ ਨਾ ਹਿਲਿਆ ਜਾਵੇ ਰਾਂਝੇ ਤੋਂ
ਇਹ ਜਿੰਦ ਕਰਤੀ ਮੈਂ ਤਾਂ ਤੇਰੇ ਨੀ ਹਵਾਲੇ

ਹੀਰ ਤੋਂ ਰਹਿ ਨਾ ਹੋਇਆ, ਉਹਨੇ ਨਸਕੇ ਰਾਂਝੇ ਦੁਆਲੇ ਅਪਣੀਆਂ ਮਖਮਲੀ ਬਾਹਾਂ ਵਲਾ ਦਿੱਤੀਆਂ। ਰਾਂਝਾ ਤ੍ਰਬਕ ਪਿਆ। ਸੂਹੇ ਗੁਲਾਬ ਵਾਂਗ ਟਹਿਕਦਾ ਹੀਰ ਦਾ ਪਿਆਰਾ ਮੁਖੜਾ ਰਾਂਝੇ ਦੀ ਝੋਲੀ ਵਿਚ ਆਣ ਪਿਆ। ਦੋਨਾਂ ਪ੍ਰੀਤ ਨਭਾਉਣ ਦੇ ਕੌਲ ਕਰਾਰ ਕਰ ਲਏ।

ਹੀਰ ਰਾਂਝੇ ਨੂੰ ਹਰ ਰੋਜ਼ ਬੇਲੇ ਵਿਚ ਚੂਰੀ ਖੁਆਉਣ ਜਾਂਦੀ। ਦੋਨੋਂ ਕੱਠੇ ਚੂਰੀ ਖਾਂਦੇ, ਪਿਆਰ ਭਰੀਆਂ ਮਾਖਿਓਂ ਮਿੱਠੀਆਂ ਗੱਲਾਂ ਕਰਦੇ। ਕਈ ਵਰ੍ਹੇ ਇਸੇ ਤਰ੍ਹਾਂ ਲੰਘ ਗਏ। ਆਖਰ ਇਨ੍ਹਾਂ ਦੇ ਇਸ਼ਕ ਦੀ ਚਰਚਾ ਝੰਗ ਦੇ ਘਰ ਘਰ ਦੀ ਚਰਚਾ ਬਣ ਗਈ। ਹੀਰ ਦੇ ਮਾਪੇ ਏਸ ਗਲ ਤੋਂ ਬੇਖਬਰ ਸਨ, ਇਨ੍ਹਾਂ ਕੋਲ ਹੀਰ ਬਾਰੇ ਕਿਸੇ ਨੂੰ ਗਲ ਕਰਨ ਦੀ ਹਿੰਮਤ ਨਹੀਂ ਸੀ ਪੈਂਦੀ। ਉਂਜ ਆਮ ਲੋਕਾਂ ਨੂੰ ਏਸ ਬਾਂਕੇ ਜੋੜੇ ਦਾ ਪਿਆਰ ਭੈੜੈ ਨਹੀਂ ਸੀ ਲਗਦਾ, ਪਰੰਤੂ ਹੀਰ ਦਾ ਚਾਚਾ ਕੈਦੋ ਲੰਗਾ ਇਹ ਬਰਦਾਸ਼ਤ ਨਾ ਕਰ ਸਕਿਆ। ਉਹ ਦੀ ਸਾਰੀ ਉਮਰ ਉਪੱਧਰਾਂ ਵਿਚ ਹੀ ਲੰਘ ਗਈ ਸੀ। ਉਹ ਨੇ ਆਪਣੇ ਵੱਡੇ ਭਰਾ ਚੂਚਕ ਕੋਲ ਹੀਰ ਰਾਂਝੇ ਦੇ ਇਸ਼ਕ ਦੀ ਗਲ ਤੋਰੀ। ਚੂਚਕ ਨੂੰ ਅਪਣੀ ਧੀ ਤੇ ਵਿਸ਼ਵਾਸ਼ ਸੀ ਉਸ ਪਰਮਾਣ

ਮੰਗ ਲਿਆ।

ਇਕ ਦਿਨ ਕੈਦੋ ਫਕੀਰ ਦੇ ਭੇਖ ਵਿਚ ਬੇਲੇ ਵਿਚ ਪੁਜਿਆ। ਰਾਂਝਾ ਚੂਰੀ ਖਾਂਦਾ ਪਿਆ ਸੀ। ਹੀਰ ਪਸ਼ੂਆਂ ਦਾ ਮੋੜਾ ਲਾਣ ਗਈ ਹੋਈ ਸੀ ਕੈਦੋ ਰਾਂਝੇ ਪਾਸ ਪੁਜਿਆ ਤੇ ਲੱਗਾ ਚੂਰੀ ਲਈ ਲੇਲੜੀਆਂ ਕਢਣ। ਰਾਂਝੇ ਨੂੰ ਫਕੀਰ ਤੇ ਦਿਆ ਆ ਗਈ। ਉਹਨੇ ਇਕ ਲਪ ਚੂਰੀ ਦੀ ਫਕੀਰ ਦੀ ਚਿੱਪੀ ਪਾ ਦਿੱਤੀ। ਕੈਦੋ ਤੇਜ਼ ਕਦਮੀਂ ਉਥੋਂ ਖਿਸਕ ਪਿਆ। ਹੀਰ ਵਾਪਸ ਆਈ ਉਹ ਨੂੰ ਜਦੋਂ ਫਕੀਰ ਦੇ ਚੂਰੀ ਲਜਾਣ ਦਾ ਪਤਾ ਲੱਗਾ ਉਹ ਦਾ ਮਥਾ ਠਣਕਿਆ, ਉਹ ਉਸੇ ਵੇਲੇ ਫਕੀਰ ਦੇ ਮਗਰ ਨਸ ਟੁਰੀ। ਉਸ ਨੱਸੇ ਜਾਂਦੇ ਕੈਦੋ ਨੂੰ ਜਾ ਫੜਿਆ ਤੇ ਲੱਗੀ ਮੁੱਕੀਆਂ ਘਸੁੰਨਾਂ ਨਾਲ ਉਹ ਦੀ ਮੁਰੰਮਤ ਕਰਨ। ਚਿੱਪੀ ਫੁਟਕੇ ਚੂਰੀ ਧਰਤੀ ਉੱਤੇ ਖਿਲਰ ਗਈ। ਮਿਨਤਾਂ ਤਰਲੇ ਕਰਕੇ ਕੈਦੋ ਨੇ ਹੀਰ ਪਾਸੋਂ ਅਪਦੀ ਜਾਨ ਛੁਡਾ ਲਈ। ਹੀਰ ਵਾਪਸ ਰਾਂਝੇ ਕੋਲ ਪਰਤ ਆਈ ਤੇ ਕੈਦੋ ਨੇ ਮਗਰੋਂ ਮਿੱਟੀ ਵਿਚ ਰਲੇ ਹੋਏ ਚੂਰੀ ਦੇ ਭੋਰੇ ਕੱਠੇ ਕਰ ਲਏ ਤੇ ਪਿੰਡ ਆਕੇ ਚੂਚਕ ਦੇ ਅੱਗੇ ਰਖ ਕੇ ਬੋਲਿਆ, "ਇਹ ਹੈ ਤੇਰੀ ਲਾਡਲੀ ਦੀ ਕਰਤੂਤ। ਤ੍ਰੈਹ ਰੋਜ਼ ਧਗੜੇ ਨੂੰ ਬੇਲੇ ਵਿਚ ਚੂਰੀ ਲਜਾਕੇ ਖਲਾਂਦੀ ਏ। ਉਹ ਨੇ ਤਾਂ ਸਾਡੇ ਖਾਨਦਾਨ ਦਾ ਨੱਕ ਵਢਕੇ ਰਖ ਦਿੱਤੈ।

ਚੂਚਕ ਦੇ ਸਿਰ ਸੌ ਘੜਾ ਪਾਣੀ ਦਾ ਪੈ ਗਿਆ।

ਉਨ੍ਹਾਂ ਰਾਂਝੇ ਨੂੰ ਜਵਾਬ ਦੇ ਦੱਤਾ। ਰਾਂਝਾ ਮਸੀਤੇ ਜਾ ਸੁੱਤਾ। ਪਰ ਦੂਜੀ ਭਲਕ ਮੱਝਾਂ ਗਾਈਆਂ ਨੇ ਬਿਨਾਂ ਰਾਂਝੇ ਤੋਂ ਇਕ ਵੀ ਕਦਮ ਅਗਾਂਹ ਪੁਟਣੋਂ ਇਨਕਾਰ ਕਰ ਦਿੱਤਾ। ਹਾਰਕੇ ਉਹ ਰਾਂਝੇ ਨੂੰ ਪੁਚਕਾਰ ਕੇ ਮੋੜ ਲਿਆਏ। ਰਾਂਝੇ ਵੰਝਲੀ ਵਿਚ ਫੂਕ ਮਾਰੀ, ਵਗ ਉਹ ਦੇ ਅੱਗੇ ਅੱਗੇ ਬੇਲੇ ਨੂੰ ਟੁਰ ਪਿਆ।

ਹੀਰ ਦਾ ਬੇਲੇ ਵਿਚ ਜਾਣਾ ਬੰਦ ਹੋ ਗਿਆ। ਹੁਣ ਉਹ ਚੋਰੀ ਛਿਪੇ ਮਿਲਦੇ। ਮਾਂ ਨੇ ਹੀਰ ਨੂੰ ਬਬੇਰਾ ਹੋੜਿਆ ਕਿ ਉਹ ਰਾਂਝੇ ਦਾ ਖਹਿੜਾ ਛਡ ਦੇਵੇ। ਪਰ ਹੀਰ ਨੇ ਉਹਦੀ ਇਕ ਨਾ ਮੰਨੀ :

ਮਾਏਂ ਨੀ ਮੈਂ ਰਾਂਝੇ ਦੇ ਨੈਣਾਂ ਨੇ ਪੱਟੀਆਂ
ਨਾ ਲਾ ਮਲ੍ਹਮਾਂ ਨਾ ਬੰਨ ਪੱਟੀਆਂ
ਮਾਏਂ ਨੀ
ਮੈਂ ਰਾਂਝੇ ਦੇ ਨੈਣਾਂ ਨੇ ਪੱਟੀਆਂ
ਲਟ ਲਟ ਚੀਰਾ ਰਾਂਝਣ ਦੇ ਸਿਰ
ਹੀਰ ਗੁੰਦਾਈਆਂ ਪੱਟੀਆਂ
ਜੇ ਮੁਖ ਮੋੜਾਂ ਰਾਂਝਣ ਕੋਲੋਂ
ਦੋਜ਼ਖ ਜਾਵਾਂ ਸੱਟੀਆਂ
ਰਾਂਝਣ ਮੇਰਾ, ਮੈਂ ਰਾਂਝਣ ਦੀ
ਕੂੜ ਮਰੇਂਦੀਆਂ ਜੱਟੀਆਂ
ਮਾਏਂ ਨੀ
ਮੈਂ ਰਾਂਝੇ ਦੇ ਨੈਣਾਂ ਨੇ ਪੱਟੀਆਂ
ਨਾ ਲਾ ਮਲ੍ਹਮਾਂ ਨਾ ਬੰਨ੍ਹ ਪੱਟੀਆਂ ।

ਉਹ ਅਪਣੇ ਰਾਂਝਣ ਦੀ ਸੁਖ ਭਾਲਦੀ ਪਈ ਸੀ ਉਹ ਨੂੰ ਮਾਰ ਜਗ ਦੀ ਪਰਵਾਹ ਨਹੀਂ ਸੀ :

ਛਣਕ ਡਣਕ ਦੋ ਛੱਲੇ ਕਰਾਲੇ
ਛੱਲੇ ਭਨਾ ਕੇ ਵੰਗਾਂ
ਬਾਹਰ ਗਈ ਨੂੰ ਬਾਬਲ ਭਿੜਕਦਾ
ਘਰ ਆਈ ਨੂੰ ਅੰਮਾਂ
ਵਿਚ ਕਚਿਹਰੀ ਹੀਰ ਝਗੜਦੀ
ਮੁਨਸਫ ਕਰਦੇ ਗੱਲਾਂ
ਵਿਚ ਤ੍ਰਿੰਜਣਾਂ ਕੁੜੀਆਂ ਝਿੜਕਣ

ਵਿਚ ਗਲੀਆਂ ਦੇ ਰੰਨਾ
ਏਹਨੀ ਓਹਨੀ ਦੋਹੀਂ ਜਹਾਨੀਂ
ਮੈਂ ਤਾਂ ਖੈਰ ਰਾਂਝੇ ਦੀ ਮੰਗਾਂ
ਜੇ ਜਾਣਾ ਦੁਖ ਰਾਂਝਣੇ ਨੂੰ ਪੈਣੇ
ਮੈਂ ਨਿਜ ਨੂੰ ਸਿਆਲੀਂ ਜੰਮਾਂ।

—੪—

ਉਨ੍ਹਾਂ ਹੀਰ ਰਾਂਝੇ ਦੇ ਪਿਆਰ ਨੂੰ ਪਰਵਾਨ ਨਾ ਕੀਤਾ। ਰੰਗਪੁਰ ਖੇੜੇ ਦੇ ਚੌਧਰੀ ਅੱਜੂ ਦੇ ਪੁਤਰ ਸੈਦੇ ਨਾਲ ਹੀਰ ਦਾ ਨਕਾਹ ਨੀਯਤ ਹੋ ਗਿਆ। ਰੰਗ ਪੁਰੋਂ ਜੰਞ ਬੜੇ ਵਾਜਿਆਂ ਗਾਜਿਆਂ ਨਾਲ ਢੁਕੀ। ਸਾਰੇ ਪਿੰਡ ਵਿਚ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਬੁਲਬੁਲਾਂ ਵਰਗੀਆਂ ਘੋੜੀਆਂ ਤੇ ਜਾਞੀਂ ਸਜੇ ਬੈਠੇ ਸਨ। ਰਾਂਝਾ ਮੱਝਾਂ ਦੇ ਸਿੰਗਾਂ ਨੂੰ ਫੜੀਂ ਭੁੱਬੀਂ ਭੁੱਬੀਂ ਰੋ ਰਿਹਾ ਸੀ। ਹੀਰ ਅਪਣੇ ਘਰ ਤੜਪ ਰਹੀ ਸੀ।

ਹੀਰ ਦਾ ਜ਼ੋਰੀਂ ਸੈਦੇ ਖੇੜੇ ਨਾਲ ਨਕਾਹ ਪੜ੍ਹਾ ਦਿੱਤਾ ਗਿਆ। ਰਾਂਝਾ ਤੜਪਦਾ ਰਿਹਾ, ਹੀਰ ਕੁਰਲਾਉਂਦੀ ਰਹੀ। ਉਨ੍ਹਾਂ ਦੀ ਕਿਸੇ ਨੇ ਇਕ ਨਾ ਸੁਣੀ ! ਰਾਤ ਸਮੇਂ ਰਾਞਾਂ ਤੀਵੀਂ ਦੇ ਵੇਸ ਵਿਚ ਹੀਰ ਦੀਆਂ ਸਹੇਲੀਆਂ ਨਾਲ ਹੀਰ ਪਾਸ ਪੁੱਜਾ। ਹੀਰ ਨੇ ਉਹ ਦੇ ਦੁਆਲੇ ਗਲਵਕੜੀਆਂ ਪਾ ਲਈਆਂ। ਦੋਨੋਂ ਹੰਝੂ ਕੇਰਦੇ ਰਹੇ। ਆਖਰ ਹੀਰ ਦਿਲ ਤਕੜਾ ਕਰਕੇ ਬੋਲੀ, "ਰਾਂਝਿਆ ਵੇਲਾ ਈ, ਚਲ ਕਿਧਰੇ ਨਸ ਟੁਰੀਏ। ਮਗਰੋਂ ਵੇਲਾ ਬੀਤਿਆ ਹੱਥ ਨਹੀਂ ਜੇ ਆਉਣਾ। ਮੈਨੂੰ ਲੈ ਚਲ ਰਾਂਝਿਆ ਮੈਂ ਤੇਰੇ ਬਿਨਾਂ ਜੀ ਨਹੀਂ ਸਕਦੀ !"

"ਨਹੀਂ ਹੀਰੇ ਇਹ ਅਸੀਂ ਨਹੀਂ ਜੇ ਕਰਨਾ। ਮੈਂ ਤੈਨੂੰ ਉਧਾਲੀ ਹੋਈ ਰੰਨ ਅਖਵਾਉਣਾ ਨਹੀਂ ਚਾਹੁੰਦਾ। ਤੂੰ ਇਹ ਨਾ ਸਮਝੀਂ ਕਿ ਮੇਰੇ ਵਿਚ ਤੈਨੂੰ ਲਜਾਣ ਦੀ ਹਿੰਮਤ ਨਹੀਂ। ਨਹੀਂ ਹੀਰੇ ਇਹ ਗਲ ਨਹੀਂ ! ਮੇਰੀ ਤੇਰੀ ਖਾਤਰ ਜਿੰਦ ਹਾਜ਼ਰ ਹੈ। ਜੇ ਅਜ ਅਸੀਂ ਨਸ ਟੁਰੇ ਤਾਂ ਤੇਰੇ ਬਾਪ ਦੀ ਇਜ਼ਤ ਰੁਲ ਜਾਵੇਗੀ ਹੀਰੇ। ਲੋਕੀਂ ਤੀਵੀਆਂ ਦੀ ਜ਼ਾਤ ਨੂੰ ਤਾਹਨੇ ਦੇਣਗੇ।" ਰਾਂਝਾ

ਆਦਰਸ਼ਕ ਬਣਦਾ ਜਾ ਰਿਹਾ ਸੀ।

"ਚੰਗਾ ਰਾਂਝਿਆ ! ਤੇਰੀ ਮਰਜ਼ੀ," ਹੀਰ ਹੌਕਾ ਭਰਕੇ ਬੋਲੀ, "ਕੀ ਹੋਇਆ ਰਾਂਝਿਆ ਮੇਰਾ ਨਕਾਹ ਲੋਕਾਂ ਦੀਆਂ ਨਜ਼ਰਾਂ ਵਿਚ ਸੈਦੇ ਨਾਲ ਪੜ੍ਹਿਆ ਗਿਐ, ਪਰ ਮੈਂ ਸੱਚੇ ਖੁਦਾ ਦੀਆਂ ਨਜ਼ਰਾਂ ਵਿਚ ਤੇਰੀ ਆਂ। ਸਾਡਾ ਨਿਕਾਹ ਰਸੂਲ ਨੇ ਪਹਿਲਾਂ ਹੀ ਪੜ੍ਹਾਇਆ ਹੋਇਆ ਏ। ਮੈਂ ਮਰ ਜਾਂਗੀ ਰਾਂਝਿਆ ਪਰ ਸੈਦੇ ਖੇੜੇ ਦੀ ਸੇਜ ਕਬੂਲ ਨਾ ਕਰਾਂਗੀ, ਤੂੰ ਛੇਤੀ ਤੋਂ ਛੇਤੀ ਕੋਈ ਆਹੁਰ ਪਹੁਰ ਕਰਕੇ ਰੰਗਪੁਰ ਪੁਜ।"

ਤੀਜੇ ਦਿਨ ਖੇੜੇ ਕਰਲਾਉਂਦੀ ਹੀਰ ਦੀ ਡੋਲੀ ਲੈ ਟੁਰੇ ! ਦੂਰ ਬੇਲੇ ਵਿਚ ਕੋਈ ਗਾ ਰਿਹਾ ਸੀ :

ਬੀਨ ਬਜਾਈ ਰਾਂਝੇ ਚਾਕ
ਲੱਗੀ ਮਨ ਮੇਰੇ
ਤਖਤ ਹਜ਼ਾਰੇ ਦਿਆ ਮਾਲਕਾ
ਕਿਥੇ ਲਾਏ ਨੀ ਡੇਰੇ
ਕਿੰਨ ਵੇ ਬਣਾਇਆ ਲਾੜਾ ਜੰਜਾਂ ਦਾ
ਕਿੰਨ ਬੱਧੇ ਸਿਹਰੇ
ਮਾਂ ਬਣਾਇਆ ਲਾੜਾ ਜੰਜਾਂ ਦਾ
ਭੈਣ ਬੱਧੇ ਸਿਹਰੇ
ਕਢ ਖਾਂ ਪਾਂਧਿਆ ਪੱਤਰੀ
ਲਿਖੀਂ ਲੇਖ ਮੇਰੇ
ਲਿਖਨ ਵਾਲਾ ਲਿਖ ਗਿਆ
ਵਸ ਨਹੀਂ ਮੇਰੇ
ਆਖਿਓ ਰਾਂਝੇ ਚਾਕ ਨੂੰ
ਮੱਝੀਆਂ ਛੇੜੇ

ਮੱਝੀਆਂ ਛੇੜਦਾ ਰਹਿ ਗਿਆ

ਹੀਰ ਲੈ ਗਏ ਖੇੜੇ !

ਹੀਰ ਦੀ ਡੋਲੀ ਰੰਗਪੁਰ ਖੇੜੇ ਜਾ ਪੁਜੀ। ਸਾਰਾ ਪਿੰਡ ਏਸ ਹੁਸ਼ਨਾਕ ਪਰੀ ਨੂੰ ਵੇਖਣ ਲਈ ਢੁਕਿਆ। ਹੁਸਨ ਉਦਾਸ ਉਦਾਸ ਬੈਠਾ ਰਿਹਾ। ਹੀਰ ਦੀ ਨਣਦ ਸਹਿਤੀ ਉਹਦੇ ਦਿਲ ਦੇ ਰੋਗ ਨੂੰ ਬੁਝ ਗਈ। ਉਹਨੇ ਆਪਣਾ ਹਮਦਰਦ ਦਿਲ ਹੀਰ ਅੱਗੇ ਪੇਸ਼ ਕਰ ਦਿੱਤਾ। ਸੈਦੇ ਖੇੜੇ ਨੇ ਵੀ ਹੀਰ ਨੂੰ ਰਝਾਣ ਦੀ ਬੜੀ ਕੋਸ਼ਸ਼ ਕੀਤੀ ਪਰੰਤੂ ਹੀਰ ਨੇ ਉਹਨੂੰ ਆਪਣੇ ਨੇੜੇ ਨਾ ਢੁਕਣ ਦਿੱਤਾ। ਉਹ ਤਾਂ ਧੁਰ ਦਰਗਾਹੋਂ ਰਾਂਝੇ ਦੀ ਅਮਾਨਤ ਹੋ ਚੁੱਕੀ ਸੀ। ਉਹ ਰਾਂਝੇ ਦੀ ਯਾਦ ਵਿਚ ਤੜਪਦੀ ਰਹੀ ਤੇ ਉਹਦਾ ਸੂਹਾ ਮੁਖੜਾ ਪੀਲਾ ਵਸਾਰ ਹੋ ਗਿਆ।

—੫—

ਰਾਂਝਾ ਝੰਗ ਸਿਆਲ ਤੋਂ ਸਿੱਧਾ ਬਾਲ ਨਾਥ ਦੇ ਟਿੱਲੇ ਪੁੱਜਾ ਤੇ ਜੋਗੀ ਦਾ ਭੇਖ ਧਾਰਨ ਲਈ ਬੇਨਤੀ ਕੀਤੀ। ਬਾਲ ਨਾਥ ਨੇ ਉਹਦੇ ਗਠੀਲੇ ਸਰੀਰ ਤੇ ਭਖਦੀ ਜਵਾਨੀ ਵਲ ਨਿਗਾਹ ਮਾਰੀ। ਉਹਦਾ ਦਿਲ ਪਸੀਜ ਗਿਆ। ਜੋਗੀ ਨੇ ਉਹਨੂੰ ਬਥੇਰਾ ਸਮਝਾਇਆ ਕਿ ਉਹਦੀ ਉਮਰ ਜੋਗ ਧਾਰਨ ਦੀ ਨਹੀਂ। ਪਰੰਤੂ ਰਾਂਝਾ ਤਾਂ ਆਪਣੀ ਹੀਰ ਲਈ ਜੋਗੀ ਬਣ ਰਿਹਾ ਸੀ, ਉਹਨੇ ਤਾਂ ਹੁਸਨ ਦੀ ਭਿਖਿਆ ਮੰਗਣ ਚੜ੍ਹਨਾ ਸੀ। ਆਖਰ ਨੂੰ ਜੋਗੀ ਬਾਲ ਨਾਥ ਨੇ ਉਹਨੂੰ ਜੋਗ ਦੇ ਦਿੱਤਾ। ਜਟਾਂ ਲਟਕਾਈ, ਕੰਨਾਂ ਵਿਚ ਮੁੰਦਰਾਂ ਪਾ, ਲਾਲੀ ਦੀ ਭਾਅ ਮਾਰਦੇ ਸਰੀਰ ਤੇ ਭਬੂਤੀ ਮਲ ਰਾਂਝਾ ਜੋਗੀ ਬਣ ਤੁਰਿਆ। ਉਹਦੇ ਹੁਸਨ ਦੀ ਹੁਣ ਝਾਲ ਝਲੀ ਨਾ ਸੀ ਜਾਂਦੀ। ਉਹ ਸਿੱਧਾ ਰੰਗਪੁਰ ਖੇੜੇ ਪੁੱਜਾ। ਰਾਹ ਵਿਚ ਉਹਨੂੰ ਇਕ ਆਜੜੀ ਇਜੜ ਚਰਾਂਦਾ ਮਿਲ ਗਿਆ। ਜੋਗੀ ਨੇ ਉਹਦੇ ਪਾਸੋਂ ਰੰਗਪੁਰ ਬਾਰੇ ਯੋਗ ਵਾਕਫੀ ਪ੍ਰਾਪਤ ਕੀਤੀ ਤੇ ਪਿੰਡ ਵਿਚ ਆਣ ਵੜਿਆ। ਕਈ ਮੁਟਿਆਰਾਂ ਖੂਹੇ ਤੋਂ ਪਾਣੀ ਭਰਦੀਆਂ ਪਈਆਂ

ਸਨ। ਜੋਗੀ ਦਾ ਰੰਗ ਰੂਪ ਵੇਖ ਸਾਰੀਆਂ ਨੇ ਠੰਡੇ ਹੌਕੇ ਭਰੇ। ਲੂਗ ਲੂਗ ਕਰਦਾ ਜੋਗੀ ਦਾ ਸਰੀਰ ਲਪਟਾਂ ਛਡ ਰਿਹਾ ਸੀ। ਕਈਆਂ ਦੇ ਕਾਲਜੇ ਧਰੂਹੇ ਗਏ। ਕਈਆਂ ਨੇ ਇਕ ਦੂਜੀ ਦੀਆਂ ਵੱਖੀਆਂ ਵਿਚ ਚੂੰਢੀਆਂ ਭਰ ਲਈਆਂ। ਇਨ੍ਹਾਂ ਵਿਚਕਾਰ ਹੀਰ ਦੀ ਨਨਾਣ ਸਹਿਤੀ ਵੀ ਸੀ। ਉਹਨੇ ਅਪਣੀ ਭਾਬੋ ਕੋਲ ਪਿੰਡ ਵਿਚ ਆਏ ਇਸ ਨਵੇਂ ਜੋਗੀ ਦੀ ਚਰਚਾ ਕੀਤੀ। ਹੀਰ ਦਾ ਦਿਲ ਧੜਕਣ ਲਗ ਪਿਆ। "ਖੌਰੇ ਰਾਂਝਾ ਈ ਜੋਗੀ ਦਾ ਭੇਖ ਧਾਰ ਕੇ ਆ ਗਿਆ ਹੋਵੇ," ਉਸ ਸੋਚਿਆ। ਰਾਂਝੇ ਲਈ ਉਹਦਾ ਲੂੰ ਲੂੰ ਤੜਪਦਾ ਪਿਆ ਸੀ।

ਰਾਂਝੇ ਨੇ ਹੀਰ ਦੇ ਦਰਾਂ ਅੱਗੇ ਜਾ ਅਲਖ ਜਗਾਈ। ਸਹਿਤੀ ਉਹਨੂੰ ਲਗੀ ਟਿਚਰਾਂ ਕਰਨ। ਅੰਦਰ ਖੜੀ ਹੀਰ ਉਨ੍ਹਾਂ ਦੀਆਂ ਝੱੜਪਾਂ ਸੁਣ ਰਹੀ ਸੀ। ਉਹ ਤਾ ਕਿਸੇ ਬਹਾਨੇ ਏਸ ਰੰਗੀਲੇ ਜੋਗੀ ਦਾ ਪਿਆਰਾ ਮੁਖੜਾ ਵੇਖਣਾਂ ਚਾਹੁੰਦੀ ਸੀ।

"ਜੋਗੀਆ ਤੈਨੂੰ ਤਾਂ ਮੰਨਦੀਆਂ ਜੇ ਤੂੰ ਇਹ ਦਸ ਦੇਵੇਂ ਕਿ ਮੇਰੀ ਭਾਬੋ ਨੂੰ ਕਿਹੜਾ ਰੋਗ ਚਿੰਬੜਿਆ ਹੋਇਐ?" ਸਹਿਤੀ ਜੋਗੀ ਦੀ ਪ੍ਰੀਖਿਆ ਲੈ ਰਹੀ ਸੀ।

ਜੋਗੀ ਨੇ ਹੀਰ ਰਾਂਝੇ ਦੀ ਮੁਹੱਬਤ ਦੁਹਰਾ ਦਿੱਤੀ। ਸਹਿਤੀ ਇਹ ਸੁਣ ਜੋਗੀ ਦੇ ਪੈਰੀਂ ਜਾ ਡਿੱਗੀ ਤੇ ਲੱਗੀ ਆਪਣੀਆਂ ਮਾੜੀਆਂ ਚੰਗੀਆਂ ਕਹੀਆਂ ਦੀ ਭੁਲ ਬਖਸ਼ਾਣ! ਜੋਗੀ ਨੇ ਅਸੀਸ ਦਿੱਤੀ, "ਸਹਿਤੀਏ ਮੁਰਾਦ ਪਾਵੇਂਗੀ!" ਮੁਰਾਦ ਸਹਿਤੀ ਦਾ ਪ੍ਰੇਮੀ ਸੀ। ਹੁਣ ਸਹਿਤੀ ਦਾ ਵਿਸ਼ਵਾਸ਼ ਜੋਗੀ ਲਈ ਹੋਰ ਵੀ ਪੱਕਾ ਹੋ ਗਿਆ। ਉਹ ਨਸਕੇ ਅੰਦਰੋਂ ਚੀਣੇ ਦਾ ਥਾਲ ਭਰ ਲਿਆਈ। ਜਦੋਂ ਉਹ ਚੀਣਾ ਪਾਣ ਲੱਗੀ ਤਾਂ ਜੋਗੀ ਨੇ ਅਪਣੇ ਹੱਥੋਂ ਜਾਣ ਬੁਝਕੇ ਚਿੱਪੀ ਛੱਡ ਦਿੱਤੀ ਤੇ ਸਾਰਾ ਚੀਣਾ ਧਰਤੀ ਉੱਤੇ ਖਿਲਰ ਗਿਆ। ਜੋਗੀ ਚੀਣਾ ਚੁਗਣ ਲਈ ਬੈਠ ਗਿਆ। ਜਦੋਂ ਸਹਿਤੀ ਅੰਦਰ ਚਲੀ ਗਈ ਤਾਂ ਹੀਰ ਨੇ ਦਰਵਾਜ਼ੇ ਦੇ ਨੇੜੇ ਹੋ ਕੇ ਆਖਿਆ, "ਰਾਂਝਿਆ, ਮੇਰੇ ਲਈ ਅਜ ਚੰਦ ਚੜ੍ਹ ਪਿਐ।"

ਰਾਂਝੇ ਨੇ ਹੀਰ ਦੇ ਪੀਲੇ ਮੁਖ ਵਲ ਤਕਿਆ। 'ਹੀਰੇ ਤੈਨੂੰ ਕੀ ਹੋ ਗਿਐ, ਤੂੰ ਤਾਂ ਦਿਨਾਂ ਵਿਚ ਈ ਨਿੱਬੜ ਗਈ ਏਂ।'' ਰਾਂਝੇ ਨੀਵੀਂ ਪਾਈ ਆਖਿਆ।

''ਰਾਂਝਿਆ ਆਪਾਂ ਰੱਜ ਕੇ ਗੱਲਾਂ ਫੇਰ ਕਰਾਂਗੇ। ਤੂੰ ਕੁਝ ਦਿਨ ਕਾਲੇ ਬਾਗ਼ ਵਿਚ ਟਿਕਿਆ ਰਹੀਂ ਮੈਂ ਕਿਸੇ ਨਾ ਕਿਸੇ ਪਜ ਤੇਰੇ ਪਾਸ ਪੁੱਜਾਂਗੀ। ਮੇਰੀ ਨਨਾਣ ਸਹਿਤੀ ਮੇਰੀ ਭੇਤਣ ਹੈ। ਉਹਨੂੰ ਵੀ ਸਾਡੇ ਜਿਹਾ ਰੋਗ ਲਗਿਆ ਹੋਇਐ, ਚੰਗਾ ਹੁਣ ਤੂੰ ਜਾਹ, ਮੁੜਕੇ ਏਧਰ ਪੈਰ ਨਾ ਪਾਵੀਂ, ਕਿਧਰੇ ਖੇੜੇ ਸ਼ਕ ਨਾ ਕਰਨ ਲਗ ਜਾਣ।'' ਇਹ ਆਖ ਹੀਰ ਨੇ ਹਵੇਲੀ ਦੇ ਦਰਵਾਜ਼ੇ ਭੇੜ ਦਿੱਤੇ।

ਰਾਂਝੇ ਜੋਗੀ ਕਾਲੇ ਬਾਗ ਵਿਚ ਧੂਣੀ ਤਾਪ ਦਿੱਤੀ। ਸ਼ਰਧਾਲੂ ਤੀਵੀਆਂ ਉਹਦੇ ਆ ਦੁਆਲੇ ਹੋਈਆਂ ਤੇ ਲੱਗੀਆਂ ਮਨ ਦੀਆਂ ਮੁਰਾਦਾਂ ਮੰਗਣ। ਜੋਗੀ ਦੀ ਮੰਨਤਾ ਹੋਣ ਲਗ ਪਈ। ਹੀਰ ਨੇ ਸਹਿਤੀ ਨੂੰ ਜੋਗੀ ਬਾਰੇ ਸਭ ਕੁਝ ਦਸ ਦਿੱਤਾ। ਹੀਰ ਨੇ ਅਪਣਾ ਰਾਂਝਾ ਅਤੇ ਸਹਿਤੀ ਨੇ ਅਪਣਾ ਮੁਰਾਦ ਪਰਾਪਤ ਕਰਨ ਦੀ ਤਰਕੀਬ ਸੋਚ ਲਈ। ਇਸ ਤਰਕੀਬ ਬਾਰੇ ਸਹਿਤੀ ਜੋਗੀ ਨੂੰ ਸਭ ਕੁਝ ਸਮਝਾ ਆਈ।

ਦੂਜੀ ਭਲਕ ਹੀਰ, ਅਪਣੀ ਨਣਦ ਤੇ ਉਹਦੀਆਂ ਸਹੇਲੀਆਂ ਨਾਲ ਖੂਹੇ ਤੇ ਸੈਰ ਕਰਨ ਲਈ ਚਲੀ ਗਈ। ਜਦੋਂ ਉਹ ਵਾਪਸ ਪਰਤ ਰਹੀਆਂ ਸਨ ਤਾਂ ਹੀਰ ਨੇ ਰਾਹ ਵਿਚ ਮਲੂਕ ਦੇਕੇ ਅਪਣੇ ਪੈਰ ਵਿਚ ਕਿੱਕਰ ਦਾ ਕੰਡਾ ਚੋਭ ਲਿਆ ਤੇ ਲੱਗੀ ਕਲਕਾਰੀਆਂ ਮਾਰਨ। ਸਹਿਤੀ ਅਤੇ ਉਹਦੀਆਂ ਸਹੇਲੀਆਂ ਨੇ ਰੌਲਾ ਪਾ ਦਿੱਤਾ ਕਿ ਹੀਰ ਨੂੰ ਤਾਂ ਸਪ ਲੜ ਗਿਆ ਹੈ। ਸਾਰਾ ਪਿੰਡ ਕੱਠਾ ਹੋ ਗਿਆ। ਹੀਰ ਧਰਤੀ ਤੇ ਲਿਟ ਰਹੀ ਸੀ, ਸਾਹ ਉਹਨੇ ਖਿੱਚਿਆ ਹੋਇਆ ਸੀ। ਉਹ ਪਲ ਵਿਚ ਹੀ ਨੀਲੀ ਪੀਲੀ ਹੋ ਗਈ। ਲੋਕੀ ਉਹਨੂੰ ਮੰਜੀ ਤੇ ਪਾਕੇ ਘਰ ਲੈ ਆਏ। ਕਈ ਹੱਥ ਹੌਲਾ ਕਰਨ ਵਾਲੇ ਸੱਦੇ ਗਏ ਪਰ ਹੀਰ ਤੜਪਦੀ ਰਹੀ, ਕੁਰਲਾਉਂਦੀ ਰਹੀ। ਮਾਂਦਰੀ

ਹੈਰਾਨ ਸਨ ਕਿ ਇਹ ਕਿਹੋ ਜਿਹਾ ਨਾਗ ਹੈ ਜੀਹਦੇ ਤੇ ਉਨ੍ਹਾਂ ਦਾ ਮੰਤਰ ਕੋਈ ਅਸਰ ਨਹੀਂ ਕਰ ਰਿਹਾ।

"ਵੀਰਾ ਕਾਲੇ ਬਾਗ ਵਾਲੇ ਜੋਗੀ ਨੂੰ ਸਦ ਵੇਖ, ਸ਼ਾਇਦ ਭਾਬੀ ਦਾ ਉਹ ਇਲਾਜ ਕਰ ਦੇਵੇ। ਉਹ ਬੜਾ ਸਿਧ ਏ, ਲੋਕੀਂ ਦੂਰੋਂ ਦੂਰੋਂ ਉਹਦੇ ਪਾਸ ਆਉਂਦੇ ਨੇ।"

ਸਹਿਤੀ ਦੀ ਇਕ ਸਹੇਲੀ ਨੇ ਸੈਦੇ ਨੂੰ ਜੋਗੀ ਵਲ ਭੇਜ ਦਿੱਤਾ।

ਬਾਗ ਵਿਚ ਜੋਗੀ ਸਮਾਧੀ ਲਾਈਂ ਬੈਠਾ ਸੀ। ਸੈਦੇ ਨੇ ਉਹਦੇ ਪੈਰ ਜਾ ਫੜੇ ਤੇ ਅਪਣੇ ਘਰ ਚਲਣ ਲਈ ਬੇਨਤੀ ਕੀਤੀ। ਪਰੰਤੂ ਅੱਗੋਂ ਜੋਗੀ ਸੈਦੇ ਨੂੰ ਫਹੁੜੀਆਂ ਲੈ ਕੇ ਪਿਆ। ਉਹ ਖਾਲੀ ਵਾਪਸ ਮੁੜ ਆਇਆ। ਸਹਿਤੀ ਨੇ ਅਪਣੇ ਪਿਤਾ ਅਤੇ ਕੁਝ ਹੋਰ ਸਿਆਣੇ ਬੰਦਿਆਂ ਨੂੰ ਜੋਗੀ ਵਲ ਦੁਬਾਰਾ ਭੇਜ ਦਿੱਤਾ। ਅੱਜੂ ਜੋਗੀ ਦੇ ਵਾਸਤੇ ਪਾਏ, ਤਰਲੇ ਕੀਤੇ। ਅੰਤ ਜੋਗੀ ਉਹਦੀ ਨੂੰਹ ਦਾ ਇਲਾਜ ਕਰਨ ਲਈ ਮੰਨ ਗਿਆ। ਉਹ ਉਹਨੂੰ ਕੁਰਲਾਂਦੀ ਹੀਰ ਪਾਸ ਲੈ ਆਏ।

ਜੋਗੀ ਨੇ ਹੀਰ ਦੀ ਮੰਜੀ ਦੁਆਲੇ ਸਤ ਚੱਕਰ ਲਾਏ। ਤੜਪਦੀ ਹੀਰ ਤੇ ਪਾਣੀ ਦੇ ਛਿੱਟੇ ਮਾਰੇ ਤੇ ਸਮਾਧੀ ਲਾ ਕੇ ਬੈਠ ਗਿਆ। ਹੀਰ ਹੂੰਗਾਰਾਂ ਮਾਰਦੀ ਰਹੀ, ਦਰਸ਼ਕ ਜੋਗੀ ਵਲ ਆਸ਼ਾ ਜਨਕ ਨਿਗਾਹਾਂ ਨਾਲ ਵੇਖਦੇ ਰਹੇ। ਕੁਝ ਚਿਰ ਮਗਰੋਂ ਜੋਗੀ ਨੇ ਅੱਖਾਂ ਖੋਹਲੀਆਂ ਤੇ ਬੋਲਿਆ, "ਲੜਕੀ ਬਚ ਸਕਦੀ ਹੈ ਪਰੰਤੂ ਕਈ ਜਤਨ ਕਰਨੇ ਪੈਣਗੇ। ਇਹਨੂੰ ਇਕ ਅਤਿ ਜ਼ਿਹਿਰੀਲੇ ਸਪ ਨੇ ਡਸਿਆ ਏ। ਉਹ ਸੱਪ ਆਪ ਆਕੇ ਇਹਦੀ ਜ਼ਹਿਰ ਚੂਸੇਗਾ ਤਦ ਜਾਕੇ ਇਹਦਾ ਇਲਾਜ ਹੋ ਸਕੇਗਾ।"

"ਮਹਾਤਮਾ ਜੀ ਤੁਸੀਂ ਹੀ ਇਹਦਾ ਉਪਾਓ ਕਰੋ, ਹੁਕਮ ਕਰੋ ਅਸੀਂ ਸਭ ਕੁਝ ਕਰਨ ਨੂੰ ਤਿਆਰ ਆਂ, ਇਹਦੀ ਜਾਨ ਜ਼ਰੂਰ ਬਚਾਓ," ਅੱਜੂ ਨੇ ਦੋਨੋਂ ਹੱਥ ਜੋੜੇ।

"ਪਿੰਡੋਂ ਬਾਹਰ ਇਹਦੇ ਮੰਜੇ ਨੂੰ ਕਿਸੇ ਘਰ ਵਿਚ ਲੈ ਜਾਵੋ। ਇਹਦੇ ਕੋਲ

ਮੈਂ ਰਹਾਂਗਾ ਅਤੇ ਇਕ ਹੋਰ ਕੁਆਰੀ ਲੜਕੀ ਤਹੇਗੀ । ਮੈਂ ਤਿੰਨ ਦਿਨ ਸਮਾਧੀ ਲਾਵਾਂਗਾ ਤਦ ਸਪ ਆਵੇਗਾ ਤੇ ਲੜਕੀ ਨੌ ਬਰ ਨੌ ਹੋ ਜਾਵੇਗੀ ।" ਜੋਗੀ ਨੇ ਉਪਾਓ ਦਸ ਦਿੱਤਾ ।

ਪਿੰਡੋਂ ਬਾਹਰ ਡੂਮਾਂ ਦੇ ਕੱਲੇ ਕਾਰੇ ਕੋਠੇ ਵਿਚ ਉਹ ਹੀਰ ਦੀ ਮੰਜੀ ਲੈ ਗਏ । ਕੋਠੇ ਵਿਚ ਹੀਰ ਜੋਗੀ ਅਤੇ ਇਕ ਕੁਆਰੀ ਕੰਨਿਆ ਸਹਿਤੀ ਰਹਿ ਗਏ । ਉਨ੍ਹਾਂ ਬਾਹਰੋਂ ਕੋਠੇ ਦਾ ਕੁੰਡਾ ਮਰਵਾ ਲਿਆ । ਜੋਗੀ ਕੁਰਲਾਉਂਦੀ ਹੀਰ ਦਾ ਇਲਾਜ ਕਰਨ ਲਗ ਪਿਆ । ਲੋਕੀਂ ਭੈ ਭੀਤ ਹੋ ਕੇ ਅਪਣੇ ਅਪਣੇ ਘਰਾਂ ਨੂੰ ਪਰਤ ਆਏ ।

ਅੱਧੀ ਰਾਤ ਲੰਘੀ, ਰਾਂਝੇ ਨੇ ਪਿਛਲੀ ਕੰਧ ਵਿਚ ਮਘੋਰਾ ਕਰਕੇ ਬਾਹਰ ਵੇਖਿਆ ਬਾਹਰ ਸਹਿਤੀ ਦਾ ਬਲੋਚ ਮੁਰਾਦ ਸਾਂਢਣੀ ਲਈ ਨੀਯਤ ਪ੍ਰੋਗਰਾਮ ਅਨੁਸਾਰ ਤਿਆਰ ਖੜਾ ਸੀ । ਸਹਿਤੀ, ਹੀਰ ਅਤੇ ਜੋਗੀ ਇਸ ਮਘੋਰੇ ਦੁਆਰਾ ਬਾਹਰ ਨਿਕਲ ਆਏ । ਹੀਰ ਰਾਂਝੇ ਨਾਲ ਅਤੇ ਸਹਿਤੀ ਅਪਣੇ ਮੁਰਾਦ ਨਾਲ ਨਸ ਟੁਰੇ ।

ਸਵੇਰ ਹੋਈ ਤਾਂ ਖੇੜੇ ਕੀ ਵੇਖਦੇ ਹਨ ! ਜੋਗੀ ਨਣਦ ਭਰਜਾਈ ਨੂੰ ਲੈ ਕੇ ਤਿੱਤਰ ਹੋ ਚੁੱਕਾ ਸੀ । ਉਹ ਦੋ ਵਾਹਰਾਂ ਬਣਾਕੇ ਉਨ੍ਹਾਂ ਪਿੱਛੇ ਨੱਸੇ । ਮੁਰਾਦ ਅਤੇ ਸਹਿਤੀ ਦੂਰ ਜਾ ਚੁੱਕੇ ਸਨ । ਉਹ ਉਨ੍ਹਾਂ ਦੇ ਹੱਥ ਨਾ ਲੱਗੇ ਪਰੰਤੂ ਹੀਰ ਰਾਂਝੇ ਨੂੰ ਨਾਹੜਾਂ ਦੇ ਇਲਾਕੇ ਵਿਚ ਉਨ੍ਹਾਂ ਨੇ ਜਾ ਘੇਰਿਆ । ਨਾਹੜਾਂ ਦੇ ਲੋਕਾਂ ਨੇ ਉਨ੍ਹਾ ਨੂੰ ਖੇੜਿਆਂ ਸਮੇਤ ਅਪਣੇ ਇਲਾਕੇ ਦੇ ਹਾਕਮ ਕੋਲ ਇਨਸਾਫ ਲਈ ਕੋਟਕਬੂਲੇ ਭੇਜ ਦਿੱਤਾ ।

ਖੇੜਿਆਂ ਆਖਿਆ, "ਇਹ ਜੋਗੀ ਸਾਡੀ ਵਹੁਟੀ ਨੂੰ ਉਧਾਲ ਲਿਆਇਆ ਏ । ਇਹ ਇਹਦਾ ਇਲਾਜ ਕਰਦਾ ਪਿਆ ਸੀ ।"

ਰਾਂਝੇ ਅਪਣਾ ਹੱਕ ਜਤਾਇਆ, "ਇਹ ਝੂਠ ਮਾਰਦੇ ਹਨ, ਇਹ ਹੀਰ ਮੇਰੀ ਏ ਬੇਸ਼ਕ ਹੀਰ ਤੋਂ ਪੁਛ ਵੇਖੋ ।"

ਹੀਰ ਨੇ ਅਪਣੀ ਰਜ਼ਾਮੰਦੀ ਵਿਚ ਸਿਰ ਝੁਕਾ ਦਿੱਤਾ ।

ਪਰੰਤੂ ਹਾਕਮ ਨੇ ਫੈਸਲਾ ਖੇੜਿਆਂ ਦੇ ਹੱਕ ਵਿਚ ਦੇ ਦਿੱਤਾ । ਹੀਰ ਰਾਂਝੇ

ਪਾਸੋਂ ਖੋਹ ਲਈ ਗਈ। ਅਚਾਨਕ ਸਾਰੇ ਸ਼ਹਿਰ ਨੂੰ ਇਕ ਦਮ ਅਗ ਲਗ ਗਈ। ਲੋਕਾਂ ਜਾਤਾ ਕਿ ਇਹ ਹੀਰ ਰਾਂਝੇ ਦੀ ਬਦ ਅਸੀਸ ਦਾ ਫਲ ਹੈ। ਇਸ ਤਰ੍ਹਾਂ ਹਾਕਮ ਨੇ ਰਾਂਝੇ ਨੂੰ ਸੱਚਾ ਜਾਣਕੇ ਹੀਰ ਖੇੜਿਆਂ ਪਾਸੋਂ ਦੁਬਾਰਾ ਖੋਹਕੇ ਰਾਂਝੇ ਨੂੰ ਦੇ ਦਿੱਤੀ।

ਹੀਰ ਰਾਂਝਾ ਕਈ ਦਿਨਾਂ ਵਿਚ ਘੁੰਮਦੇ ਘੁਮਾਂਦੇ ਝੰਗ ਦੇ ਪਤਣ ਤੇ ਪੁਜ ਗਏ। ਕਿਸੇ ਨੇ ਚੂਚਕ ਨੂੰ ਜਾ ਦਸਿਆ ਕਿ ਹੀਰ ਰਾਂਝਾ ਪੱਤਣ ਤੇ ਬੈਠੇ ਨੇ। ਉਹ ਉਨ੍ਹਾਂ ਨੂੰ ਘਰ ਲੈ ਆਇਆ। ਉਪਰੋਂ ਚੂਚਕ ਬਹੁਤ ਖੁਸ਼ ਹੋਇਆ ਪਰੰਤੂ ਉਹ ਅੰਦਰੋਂ ਨਮੋਸ਼ੀ ਦਾ ਮਾਰਿਆ ਪਿਆ ਸੀ। ਉਸ ਰਾਂਝੇ ਦੀ ਬੜੀ ਖਾਤਰਦਾਰੀ ਕੀਤੀ। ਰਾਂਝੇ ਹੁਣ ਮੁੰਦਰਾਂ ਲਾਹ ਦਿੱਤੀਆਂ। ਜਟਾਂ ਕਟਵਾਂ ਕੇ ਮੁੜ ਧੀਦੋ ਰਾਂਝਾ ਬਣ ਬੈਠਾ। ਕਈ ਯਾਰ ਬੇਲੀ ਉਹਨੂੰ ਮਿਲਣ ਲਈ ਚੂਚਕ ਦੇ ਘਰ ਆਏ। ਹੀਰ ਦੀਆਂ ਸਹੇਲੀਆਂ ਖੁਸ਼ੀ ਨਾਲ ਨਚਦੀਆਂ ਪਈਆਂ ਸਨ। ਰਾਂਝੇ ਦੀ ਵੰਝਲੀ ਮੁੜ ਮਿੱਠੀਆਂ ਤਾਨਾਂ ਛੇੜ ਦਿੱਤੀਆਂ। ਰੋਟੀ ਟੁਕਰ ਖਾਣ ਮਗਰੋਂ ਚੂਚਕ ਨੇ ਰਾਂਝੇ ਨੂੰ ਆਖਿਆ, "ਪੁਤਰ ਰਾਂਝਿਆ ਸਾਨੂੰ ਤੂੰ ਖਿਮਾ ਕਰਦੇ। ਅਸੀਂ ਹੀਰ ਨੂੰ ਤੇਰੇ ਨਾਲ ਨਾ ਵਿਆਹ ਕੇ ਤੇਰੇ ਨਾਲ ਬੜਾ ਅਨਿਆ ਕੀਤਾ ਸੀ। ਤੂੰ ਹੁਣ ਛੇਤੀ ਤੋਂ ਛੇਤੀ ਤਖਤ ਹਜ਼ਾਰੇ ਜਾਹ ਤੇ ਜੰਞ ਚੜ੍ਹਾ ਕੇ ਹੀਰ ਨੂੰ ਸ਼ਗਨਾਂ ਨਾਲ ਵਿਆਹ ਕੇ ਲੈ ਜਾ।"

ਰਾਂਝਾ ਦੂਜੇ ਦਿਨ ਸਵੇਰੇ ਸਾਜਰੇ ਹੀ ਜੰਞ ਲੈਣ ਲਈ ਤਖਤ ਹਜ਼ਾਰੇ ਦੇ ਰਾਹ ਪੈ ਗਿਆ। ਉਹ ਸੋਚਦਾ ਪਿਆ ਸੀ ਕਿ ਉਹ ਹੁਣ ਆਪਣੀਆਂ ਭਾਬੀਆਂ ਦੇ ਮਾਰੇ ਹੋਏ ਤਾਹਨੇ ਨੂੰ ਪੂਰਾ ਕਰੇਗਾ।

ਤੀਜੇ ਦਿਨ ਰਾਂਝਾ ਸਿਹਰੇ ਬੰਨ੍ਹੀ ਜੰਞ ਸਮੇਤ ਝੰਗ ਸਿਆਲਾਂ ਨੂੰ ਚਲ ਪਿਆ। ਜਦ ਉਹ ਪਿੰਡ ਦੀ ਜੂਹ ਵਿਚ ਪੁੱਜੇ ਤਾਂ ਰਾਂਝੇ ਦਾ ਇਕ ਜਾਣੂ ਮੱਝਾਂ ਚਰਾਂਦਾ ਚਰਾਂਦਾ ਜੰਞ ਪਾਸ ਪੁੱਜਾ ਤੇ ਰਾਂਝੇ ਨੂੰ ਗਲਵਕੜੀ ਪਾਕੇ ਰੋਣ ਲੱਗਾ! "ਰਾਂਝਿਆ ਔਹ ਵੇਖਦਾ ਪਿਆਂ ਏਂ ਨਵੀਂ ਕਬਰ! ਇਹ ਤੇਰੀ ਹੀਰ ਦੀ ਕਬਰ ਏ! ਹੀਰ ਦੇ ਮਾਪਿਆਂ ਨੇ ਉਹਨੂੰ ਜ਼ਹਿਰ ਦੇ ਕੇ ਮਾਰ ਦਿਤੈ।" ਉਹਨੇ ਨਵੀਂ ਬਣੀ ਕਬਰ ਵਣ ਇਸ਼ਾਰਾ ਕਰਕੇ ਆਖਿਆ।

ਰਾਂਝੇ ਨੇ ਇਹ ਸੁਣਦੇ ਹੀ ਭੁਬ ਮਾਰੀ ਤੇ ਹੀਰ ਦੀ ਕਬਰ ਤੇ ਟੱਕਰਾਂ ਮਾਰ ਮਾਰ ਜਾਨ ਦੇ ਦਿੱਤੀ।

ਜਾਂਞੀਆਂ ਨੇ ਕਬਰ ਨੂੰ ਮੁੜ ਫੋਲਿਆ ਤੇ ਰਾਂਝੇ ਨੂੰ ਵੀ ਉਸੇ ਕਬਰ ਵਿਚ ਦਫ਼ਨਾ ਦਿੱਤਾ !

ਜੰਞ ਉਦਾਸ ਉਦਾਸ ਤਖਤ ਹਜ਼ਾਰੇ ਨੂੰ ਪਰਤ ਆਈ। ਬੇਲਾ ਸੁੰਨਾ ਪਿਆ ਸੀ।

# ਸੱਸੀ ਪੁੰਨੂੰ

ਦਸ ਵੇ ਥਲਾ ਕਿਤੇ ਦੇਖੀ ਹੋਵੇ
ਮੇਰੇ ਪੁਨੂੰ ਦੀ ਡਾਚੀ ਕਾਲੀ
ਜਿੱਥੇ ਮੇਰਾ ਪੁਨੂੰ ਮਿਲੇ
ਉਹ ਧਰਤ ਨਸੀਬਾਂ ਵਾਲੀ

(ਲੋਕ-ਗੀਤ)

•ਅਜ ਤੋਂ ਕੋਈ ਸਤ'ਕ ਸਦੀਆਂ ਪਹਿਲਾਂ ਭੰਬੋਰ ਸ਼ਹਿਰ ਵਿਚ ਸਿੰਧ ਦਾ ਆਦਮਖਾਨ ਨਾਮੀ ਬਾਦਸ਼ਾਹ ਰਾਜ ਕਰਦਾ ਸੀ। ਰਾਜਾ ਬੜਾ ਦਾਨੀ ਸੀ, ਕਿਸੇ ਗਲ ਦੀ ਉਹਦੇ ਘਰ ਤੋਟ ਨਹੀਂ ਸੀ ਪਰੰਤੂ ਜੇ ਤੋਟ ਸੀ ਤਾਂ ਇਕ ਔਲਾਦ ਦੀ। ਰਾਣੀ ਦੀ ਸਖਣੀ ਗੋਦ ਉਹਦੀ ਸਾਰੀ ਪਰਜਾ ਲਈ ਉਦਾਸੀ ਦਾ ਕਾਰਨ ਬਣੀ ਹੋਈ ਸੀ। ਰਾਜੇ ਨੇ ਪਰਜਾ ਸਮੇਤ ਸੱਚੇ ਰਬ ਅੱਗੇ ਅਰਦਾਸਾਂ ਕੀਤੀਆਂ, ਸੈਆਂ ਮੰਨਤਾਂ ਮੰਨੀਆਂ ਤੇ ਪੁੰਨਦਾਨ ਕੀਤੇ । ਰੱਬ ਤਰੁਠਿਆ, ਰਾਣੀ ਦੀ ਗੋਦ ਹਰੀ ਹੋ ਗਈ। ਉਹਦੇ ਘਰ ਪਿਆਰੀ ਬਾਲੜੀ ਨੇ ਜਨਮ ਲਿਆ । ਸਾਰੀ ਪਰਜਾ ਨੇ ਖ਼ੁਸ਼ੀਆਂ ਮਨਾਈਆਂ। ਭੰਬੋਰ ਸ਼ਹਿਰ ਜਗਮਗਾ ਤ੍ਰਿਠਿਆ। ਸਾਰੇ ਦੇ ਸਾਰੇ ਅਸਮਾਨੀ ਤਾਰੇ ਧਰਤ ਤੇ ਉਤਰ ਆਏ।

ਬਾਦਸ਼ਾਹ ਨੇ ਨੰਨ੍ਹੀ ਬਾਲੜੀ ਦੀ ਕਿਸਮਤ ਜਾਨਣ ਲਈ ਨਜੂਮੀ ਸਦ ਲਏ। ਉਨ੍ਹਾਂ ਅਪਣੀ ਜੋਤਸ਼ ਵਿਦਿਆਂ ਦੀ ਅਖ ਖੋਹਲੀ। ਤਾਰਿਆਂ ਜੜੀ ਰਾਤ ਤੇ ਕਿਸੇ ਕਾਲਖ ਧੂੜ ਦਿੱਤੀ

ਨਜੂਮੀਆਂ ਦਸਿਆ, "ਹੇ ਬਾਦਸ਼ਾਹ ਸਲਾਮਤ ਇਹ ਲੜਕੀ ਤੁਹਾਡੇ ਮੱਥੇ ਕਾਲਖ ਦਾ ਟਿੱਕਾ ਲਾਵੇਗੀ! ਜਦੋਂ ਬਾਲੜੀ ਮੁਟਿਆਰ ਹੋ ਜਾਏਗੀ ਤਦ ਦਿਹਦਾ ਪਿਆਰ ਇਕ ਬਦੇਸ਼ੀ ਗੱਭਰੂ ਨਾਲ ਪੈ ਜਾਵੇਗਾ ਤੇ ਇਹ ਉਹ ਦੇ ਪਿੱਛੇ ਥਲਾਂ ਵਿਚ ਰੁਲ ਮੋਏਗੀ!"

ਇਹ ਸੁਣ ਰਾਜੇ ਦਾ ਕੇਸੂ ਦੇ ਫੁਲ ਵਾਂਗ ਟਹਿਕਦਾ ਮੁਖੜਾ ਕੁਮਲਾ ਗਿਆ ।

"ਇਹ ਮੇਰੇ ਮੱਥੇ ਕਾਲਖ ਦਾ ਟਿੱਕਾ ਲਾਵੇਗੀ, ਕਿਉਂ ਨਾ ਇਹ ਨੂੰ ਹੁਣੇ ਬਿਲੇ ਲਾ ਦਿੱਤਾ ਜਾਵੇ," ਰਾਜੇ ਸੋਚਿਆ । ਅਮੀਰਾਂ ਵਜ਼ੀਰਾਂ ਹਾਂ ਵਿਚ ਹਾਂ ਮਿਲਾ ਦਿੱਤੀ ।

ਰਾਜੇ ਨੇ ਬੱਚਟ ਨੂੰ ਮਰਵਾਉਣਾ ਚਾਹਿਆ, ਪਰੰਤੂ ਉਹ ਦੀ ਮਮਤਾ ਜਾਗ ਪਈ । ਉਹ ਅਪਣੇ ਦਿਲ ਦੇ ਟੁਕੜੇ ਨੂੰ ਕਿਵੇਂ ਮਰਵਾਂਦਾ ! ਆਹ ! ਉਹ ਨੇ ਇਕ ਅਤੀ ਸੁੰਦਰ ਸੰਦੂਕ ਬਣਵਾਇਆ ਤੇ ਨਿੱਕੀ ਜਹੀ ਜਿੰਦ ਉਸ ਵਿਚ ਬੰਦ ਕਰਕੇ ਠਾਠਾਂ ਮਾਰਦੇ ਸਿੰਧ ਦਰਿਆ ਵਿਚ ਰੋੜ੍ਹ ਦਿੱਤੀ ।

ਮਲੂਕ ਜਿੰਦ ਦੀ ਅੰਮੜੀ ਤੜਪਦੀ ਰਹੀ, ਬਾਦਸ਼ਾਹ ਹੰਝੂ ਕੇਰਦਾ ਰਿਹਾ । ਸੰਦੂਕ, ਬਿਨਾਂ ਚੱਪੂਓਂ ਤੇ ਮਲਾਹੋਂ ਬੇੜੀ ਵਾਂਗ, ਦਰਿਆ ਦੀਆਂ ਕਹਿਰ ਭਰੀਆਂ ਲਹਿਰਾਂ ਤੇ ਤੈਰਦਾ ਰਿਹਾ ।

ਸ਼ਹਿਰੋਂ ਬਾਹਰ ਅੱਤਾ ਨਾਂ ਦਾ ਧੋਬੀ ਅਪਣੀ ਧੋਬਣ ਸਮੇਤ ਇਸੇ ਦਰਿਆ ਤੇ ਕਪੜੇ ਧੋ ਰਿਹਾ ਸੀ । ਉਹ ਦੀ ਨਜ਼ਰ ਸੂਰਜ ਵਿਚ ਚਮਕਦੇ ਰੁੜ੍ਹੇ ਆਉਂਦੇ ਸੰਦੂਕ ਤੇ ਜਾ ਪਈ । ਉਹ ਨੇ ਉਹ ਸੰਦੂਕ ਫੜ ਲਿਆ । ਉਸ ਸੰਦੂਕ ਦਾ ਢੱਕਣ ਚੁਕਿਆ ਇਕ ਪਿਆਰਾ ਬੱਚਾ ਅੰਗੂਠਾ ਚੁੰਘ ਰਿਹਾ ਸੀ । ਹੈਰਾਨੀ ਅਤੇ ਖੁਸ਼ੀ ਦੇ ਰਲੇ ਮਿਲੇ ਭਾਵਾਂ ਦੇ ਪ੍ਰਭਾਵ ਸਦਕਾ ਅੱਤਾ ਅਹਿਲ ਖੜਾ ਰਿਹਾ । ਇਕ ਪਲ ਮਗਰੋਂ ਬੁੱਢੇ ਧੋਬੀ ਦੇ ਝੁਰੜਾਂਏ ਬੁਲ੍ਹਾਂ ਤੇ ਮੁਸਕਾਨ ਨੱਚੀ ਤੇ ਉਹਨੇ ਅਪਣੀ ਧੋਬਣ ਨੂੰ ਆਵਾਜ਼ ਮਾਰੀ, "ਨਸਕੇ ਆਈਂ ਉਰੇ, ਆਹ ਵੇਖ ਰਬ ਨੇ ਸਾਡੇ ਲਈ ਕੇਹੀ ਅਮੁੱਲੀ ਦਾਤ ਘੱਲੀ ਏ ! ਸਾਡੀਆਂ ਵਰ੍ਹਿਆਂ ਦੀਆਂ ਸੁਖਣਾਂ ਅਜ ਪੂਰੀਆਂ ਹੋਈਆਂ ਨੇ ।"

ਧੋਬਣ ਨੇ ਬਾਲੜੀ ਨੂੰ ਅਪਣੀ ਗੋਦ ਲੈ ਲਿਆ । ਖੁਸ਼ੀ ਦੇ ਮਾਰੇ ਉਹਦੀਆਂ ਅੱਖਾਂ ਵਿੱਚੋਂ ਮਮਤਾ ਦੇ ਅਥਰੂ ਵਗ ਟੁਰੇ ।

ਮਹਿਲਾਂ ਦੀ ਦੌਲਤ ਧੋਬੀਆਂ ਦੇ ਘਰ ਜਵਾਨ ਹੋਣ ਲੱਗੀ । ਉਹਦਾ ਨਾਂ ਉਨ੍ਹਾਂ ਸੱਸੀ ਪਾ ਲਿਆ !

ਸਿੰਧ ਦੇ ਪਾਣੀਆਂ ਨੇ ਜਵਾਨ ਸੱਸੀ ਤੇ ਲੋਹੜੇ ਦਾ ਰੂਪ ਚਾੜ੍ਹ ਦਿੱਤਾ। ਸੱਸੀ ਦੇ ਰੂਪ ਦੀਆਂ ਧੁੰਮਾਂ ਪੈ ਗਈਆਂ। ਧੋਬੀਆਂ ਦੇ ਘਰ ਐਨਾ ਹੁਸਨ, ਲੋਕੀ ਹੈਰਾਨ ਹੁੰਦੇ ! ਕਈ ਚੰਗਾ ਖਾਂਦੇ ਪੀਂਦੇ ਧੋਬੀਆਂ ਨੇ ਸੱਸੀ ਦੇ ਸਾਕ ਲਈ ਖੈਰਾਤ ਮੰਗੀ, ਪਰ ਅੱਤੇ ਨੇ ਸਾਰੇ ਠੁਕਰਾ ਦਿੱਤੇ। ਉਹ ਸੱਸੀ ਦੀ ਰਜ਼ਾਮੰਦੀ ਲੈਣਾ ਚਾਹੁੰਦਾ ਸੀ। ਸੱਸੀ ਨੂੰ ਅਜੇ ਕੋਈ ਗਭਰੂ ਜਚਿਆ ਨਹੀਂ ਸੀ।

ਭੰਬੋਰ ਸ਼ਹਿਰ ਦੇ ਇਕ ਰਸੀਏ ਸੁਦਾਗਰ ਦੇ ਨਵੇਂ ਮਹਿਲ ਦੀ ਬੜੀ ਚਰਚਾ ਸੀ। ਏਸ ਮਹਿਲ ਵਿਚ ਸੰਸਾਰ ਭਰ ਦੇ ਸਾਰੇ ਸ਼ਾਹਜ਼ਾਦਿਆਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਸੱਸੀ ਵੀ ਅਪਣੀਆਂ ਸਹੇਲੀਆਂ ਸਮੇਤ ਇਹ ਮਹਿਲ ਵੇਖਣ ਗਈ। ਉਹ ਬੜੀ ਰੀਝ ਨਾਲ ਤਸਵੀਰਾਂ ਵੇਖਦੀਆਂ ਪਈਆਂ ਸਨ। ਪਰ ਇਕ ਤਸਵੀਰ ਨੇ ਤਾਂ ਜਾਣੋਂ ਸੱਸੀ ਨੂੰ ਕੀਲ ਹੀ ਦਿੱਤਾ। ਉਹ ਇਸ ਤਸਵੀਰ ਤੋਂ ਅਪਣੀ ਨਿਗਾਹ ਪਰੇ ਨਾ ਹਟਾ ਸਕੀ। ਉਹ ਅਪਣਾ ਹੁਸੀਨ ਦਿਲ ਇਸ ਅਦੁੱਤੀ ਤਸਵੀਰ ਦੇ ਹਵਾਲੇ ਕਰ ਆਈ।

ਕਿਸੇ ਦਸਿਆ, "ਇਹ ਕੀਚਮ ਦੇ ਪੁੰਨੂੰ ਦੀ ਤਸਵੀਰ ਏ।"

ਐਨਾ ਪਿਆਰਾ ਮੁਖੜਾ ਉਸ ਕਦੀ ਤੱਕਿਆ ਨਹੀਂ ਸੀ। "ਰਬ ਕਰੇ, ਪੁੰਨੂੰ ਮੈਨੂੰ ਮਿਲ ਜਾਵੇ।" ਸੱਸੀ ਨੇ ਦਿਲ ਫੜ ਕੇ ਠੰਡਾ ਹੌਕਾ ਭਰਿਆ। ਸੱਸੀ ਹੁਣ ਪੁੰਨੂੰ ਦੀ ਹੋ ਚੁੱਕੀ ਸੀ।

—੨—

ਸੱਸੀ ਦੇ ਸ਼ਹਿਰ ਭੰਬੋਰ ਤੋਂ ਕੀਚਮ ਦੇ ਸੌਦਾਗਾਰ ਆਂਦੇ ਜਾਂਦੇ ਰਹਿੰਦੇ ਸਨ। ਉਹ ਸੱਸੀ ਦੇ ਹੁਸਨ ਦੀ ਚਰਚਾ ਅਪਣੇ ਦੇਸ਼ ਵਿਚ ਜਾ ਕੇ ਕਰਦੇ। ਓਥੋਂ ਦਾ ਸ਼ਾਹਜ਼ਾਦਾ ਪੁੰਨੂੰ ਹੁਸ਼ਨਾਕ ਸੱਸੀ ਨੂੰ ਤੱਕਣ ਲਈ ਬੇਤਾਬ ਹੋ ਗਿਆ। ਉਹ ਨੇ ਅਪਣੇ ਪਿਤਾ ਨੂੰ ਕੋਈ ਬਾਹਾਨਾ ਲਾਇਆ ਤੇ ਇਕ ਕਾਫਲੇ ਨਾਲ ਭੰਬੋਰ ਪੁਜ ਗਿਆ।

ਸੱਸੀ ਪੁੰਨੂੰ ਇਕ ਦੂਜੇ ਨੂੰ ਇਸ ਤਰ੍ਹਾਂ ਮਿਲੇ ਜਿਵੇਂ ਔੜਾਂ ਮਾਰੀ ਧਰਤੀ ਨੂੰ ਬਾਰਸ਼ ਦੀਆਂ ਬੂੰਦਾਂ ਮਿਲਦੀਆਂ ਹਨ।

'ਤੂੰ ਪੁਨੂੰ ਏਂ ਸੁਹਣਿਆ, ਕੀਚਮ ਦਾ ਸ਼ਾਹਜ਼ਾਦਾ ?'' ਸੱਸੀ ਦਾ ਚਿਹਰਾ ਮੁਸਕਰਾਇਆ।

''ਹਾਂ ਮਨਮੋਹਣੀਏਂ ਸੱਸੀਏ, ਮੈਂ ਤੇਰੇ ਹੁਸਨ ਨੂੰ ਸਿਜਦਾ ਕਰਨ ਤੇਰੇ ਦੇਸ਼ ਆਇਆਂ।''

ਦੋਨੋਂ ਪਿਆਰੇ ਇਕ ਦੂਜੇ ਵਿਚ ਲੀਨ ਹੋ ਗਏ। ਦੁਨੀਆਂ ਭਰ ਦੀਆਂ ਸਾਰੀਆਂ ਨਿਆਮਤਾਂ ਉਨ੍ਹਾਂ ਦੀ ਝੋਲ ਆਣ ਪਈਆਂ।

ਪੁਨੂੰ ਹੁਣ ਸੱਸੀ ਜੋਗਾ ਹੋ ਦੁਇਆ ਸੀ।

ਪੁਨੂੰ ਦੇ ਨਾਲ ਦੇ ਸੌਦਾਗਰ ਅਪਣੇ ਦੇਸ ਪਰਤ ਗਏ। ਉਨ੍ਹਾਂ ਪੁਨੂੰ ਦੇ ਪਿਤਾ ਅਲੀ ਹੋਤ ਨੂੰ ਪੁਨੂੰ ਦੇ ਇਸ਼ਕ ਦੀ ਸਾਰੀ ਵਾਰਤਾ ਜਾ ਸੁਣਾਈ। ਉਹਨੇ ਪੁਨੂੰ ਦੇ ਭਰਾ, ਪੁਨੂੰ ਨੂੰ ਵਾਪਸ ਕੀਚਮ ਲਿਆਉਣ ਲਈ ਭੰਬੋਰ ਭੇਜ ਦਿੱਤੇ।

ਉਹ ਕਈ ਦਿਨਾਂ ਦੀ ਮੰਜ਼ਲ ਮਾਰਕੇ ਭੰਬੋਰ ਸ਼ਹਿਰ ਸੱਸੀ ਦੇ ਘਰ ਪੁਜ ਗਏ। ਪੁਨੂੰ ਹੁਣ ਸੱਸੀ ਦੇ ਘਰ ਹੀ ਰਹਿੰਦਾ ਪਿਆ ਸੀ। ਸੱਸੀ ਨੇ ਪੁਨੂੰ ਦੇ ਭਰਾਵਾਂ ਦੀ ਬੜੀ ਖਾਤਰਦਾਰੀ ਕੀਤੀ। ਪੁਨੂੰ ਦੇ ਭਰਾ ਪੁਨੂੰ ਨੂੰ ਸ਼ਰਾਬ ਦੇ ਜਾਮਾਂ ਦੇ ਜਾਮ ਭਰ ਭਰ ਪਿਆਂਦੇ ਰਹੇ। ਪੁਨੂੰ ਬੇਹੋਸ਼ ਹੋ ਗਿਆ।

ਰਾਤ ਰਾਣੀ ਨੇ ਸਤਾਰਿਆਂ ਜੜੀ ਕਾਲੀ ਚਾਦਰ ਅਪਣੇ ਦੁਆਲੇ ਵਲ੍ਹੇਟ ਲਈ। ਸੱਸੀ ਬੇਹੋਸ਼ ਪਏ ਪੁਨੂੰ ਦੇ ਗਲ ਅਪਣੀ ਬਾਂਹ ਵਲੀਂ ਘੂਕ ਸੁੱਤੀ ਪਈ ਸੀ। ਪੁਨੂੰ ਦੇ ਭਰਾ ਉੱਠੇ, ਉਨ੍ਹਾਂ ਹੌਲੇ ਜਹੇ ਸੱਸੀ ਦੀ ਬਾਂਹ ਪਰੇ ਹਟਾਈ ਤੇ ਪੁਨੂੰ ਨੂੰ ਇਕ ਊਂਠ ਉੱਤੇ ਲਦ ਲਿਆ। ਉਹ ਜਾਣਦੇ ਸਨ ਕਿ ਪੁਨੂੰ ਆਪਣੇ ਆਪ ਸੌਖਿਆਂ ਵਾਪਸ ਮੁੜਨ ਵਾਲਾ ਨਹੀਂ। ਸੱਸੀ ਬੇਖਬਰ ਸੁੱਤੀ ਰਹੀ। ਉਹ ਬੇਹੋਸ਼ ਪੁਨੂੰ ਨੂੰ ਲੈ ਟੁਰੇ।

—੩—

ਸੱਸੀ ਦੀ ਜਾਗ ਖੁੱਲ੍ਹੀ। ਪੁਨੂੰ ਉਹ ਦੇ ਕੋਲ ਨਹੀਂ ਸੀ ! ਪੁਨੂੰ ਦੇ ਭਰਾ ਤੱਕੇ, ਉਨ੍ਹਾਂ ਦੀਆਂ ਡਾਚੀਆਂ ਵੇਖੀਆਂ ਕੋਈ ਵੀ ਕਿਧਰੇ ਨਹੀਂ ਸੀ। ਉਸ ਆਲਾ ਦੁਆਲਾ

ਛਾਣ ਮਾਰਿਆ ! ਪਰੰਤੂ ਪੁਨੂੰ ਤਾਂ ਕਾਫ਼ੀ ਦੂਰ ਜਾ ਚੁਕਿਆ ਸੀ। ਸੱਸੀ ਕੁਰਲਾਂਦੀ ਪਈ ਸੀ :

ਮੈਂ ਪੁਨੂੰ ਦੀ ਪੁਨੂੰ ਮੇਰਾ
ਸਾਡਾ ਪਿਆ ਵਿਛੋੜਾ ਭਾਰਾ
ਦਸ ਵੇ ਰੱਬਾ ਕਿੱਥੇ ਗਿਆ
ਮੇਰੇ ਨੈਣਾ ਦਾ ਵਣਜਾਰਾ।

ਉਹਦੀ ਧਰਮ ਮਾਂ ਨੇ ਉੁਹ ਨੂੰ ਬਹੁਤੇਰਾ ਸਮਝਾਇਆ !

ਨਾ ਰੋ ਧੀਏ ਸੱਸੀਏ
ਪੁਨੂੰ ਵਰਗੇ ਬਲੋਚ ਬਥੇਰੇ

ਪਰ ਸੱਸੀ ਦੀ ਜਿੰਦ ਤਾਂ ਪੁਨੂੰ ਦੇ ਹਵਾਲੇ ਹੋ ਚੁੱਕੀ ਹੋਈ ਸੀ :

ਮੈਂ ਵਟ ਲਿਆਵਾਂ ਪੂਣੀਆਂ
ਧੀਏ ਚਰਖੇ ਨੂੰ ਚਿਤ ਲਾ
ਜਾਂਦੇ ਪਨੂੰ ਨੂੰ ਜਾਣਦੇ
ਕੌਲੇ ਦੀ ਗਈ ਨੀ ਬਲਾ।

ਅੱਗ ਲਾਵਾਂ ਤੇਰੀਆਂ ਪੂਣੀਆਂ
ਚਰਖੇ ਨੂੰ ਨਦੀ ਨੀ ਹੜ੍ਹਾ
ਜਾਨ ਤਾਂ ਮੇਰੀ ਲੈ ਗਿਆ
ਕੋਈ ਚੀਰੇ ਦੇ ਲੜ ਲਾ
ਨੀ ਜਾਂਦੇ ਪੁਨੂੰ ਨੂੰ ਮੋੜ ਲੈ।

ਸੂਟ ਸਮਾਵਾਂ ਰੇਸ਼ਮੀ
ਚੁੰਨੀਆਂ ਦੇਵਾਂ ਨੀ ਰੰਗ।

ਜਾਂਦੇ ਪੁਨੂੰ ਨੂੰ ਜਾਣਦੇ
ਕੌਲੇ ਦੀ ਗਈ ਨੀ ਬਲਾ ।

ਅਗ ਲਾਵਾਂ ਤੇਰੇ ਸੂਟ ਨੂੰ
ਚੁੰਨੀਆਂ ਦੇਵਾਂ ਨੀ ਮਚਾ
ਜਾਨ ਤਾਂ ਮੇਰੀ ਲੈ ਗਿਆ
ਕੋਈ ਚੀਰੇ ਦੇ ਲੜ ਲਾ
ਨੀ ਜਾਂਦੇ ਪੁਨੂੰ ਨੂੰ ਮੋੜ ਲੈ ।

ਬੂਰੀ ਮਝ ਤੈਨੂੰ ਲੈ ਦਿਆਂ
ਧੀਏ ਮਖਣਾਂ ਨਾਲ ਟੁਕ ਖਾ
ਜਾਂਦੇ ਪੁਨੂੰ ਨੂੰ ਜਾਣਦੇ
ਕੌਲੇ ਦੀ ਗਈ ਨੀ ਬਲਾ ।

ਅਗ ਲਾਵਾਂ ਤੇਰੀ ਮਖਣੀ
ਬੂਰੀ ਨੂੰ ਬਗ ਨੀ ਰਲਾ
ਜਾਨ ਤਾਂ ਮੇਰਾਂ ਲੈ ਗਿਆ
ਕੋਈ ਚੀਰੇ ਦੇ ਲੜ ਲਾ
ਨੀ ਜਾਂਦੇ ਪੁਨੂੰ ਨੂੰ ਮੋੜ ਲੈ ।

ਸੱਸੀ ਪੁਨੂੰ ਪੁਨੂੰ ਕੂਕਦੀ ਡਾਚੀ ਦੇ ਖੁਰੇ ਮਗਰ ਨਸ ਟੁਰੀ । ਸੂਰਜ ਲੋਹੜੇ ਦੀ ਅਗ ਵਰ੍ਹਾ ਰਿਹਾ ਸੀ । ਸੱਸੀ ਦੇ ਫੁੱਲਾਂ ਜਹੇ ਪੈਰ ਤਪਦੇ ਰੇਤ ਤੇ ਭੁਜਦੇ ਪਏ ਸਨ ਪਰੰਤੂ ਉਹ ਪੁਨੂੰ ਪੁਨੂੰ ਦਾ ਜਾਪ ਕਰੇਂਦੀ ਹਾਲੋਂ ਬੇਹਾਲ ਹੋਈ ਨੱਸੀ ਜਾ ਰਹੀ ਸੀ :—

ਨਾਜ਼ਕ ਪੈਰ ਮਲੂਕ ਸੱਸੀ ਦੇ
ਮਹਿੰਦੀ ਨਾਲ ਸ਼ਿੰਗਾਰੇ
ਬਾਲੂ ਰੇਤ ਤਪੇ ਵਿਚ ਥਲ ਦੇ
ਜਿਉਂ ਜੌਂ ਭੁੰਨਣ ਭਠਿਆਰੇ

ਸੂਰਜ ਭਜ ਵੜਿਆ ਵਿਚ ਬਦਲੀਂ
ਡਰਦਾ ਲਿਸ਼ਕ ਨਾ ਮਾਰੇ
ਹਾਸ਼ਮ ਵੇਖ ਯਕੀਨ ਸੱਸੀ ਦਾ
ਸਿਦਕੋਂ ਮੂਲ ਨਾ ਹਾਰੇ ।

ਸੱਸੀ ਅੱਗੋਂ ਆਉਂਦੇ ਰਾਹੀਆਂ ਪਾਸੋਂ ਅਪਣੇ ਪੁੰਨੂੰ ਦਾ ਪਤਾ ਪੁਛਦੀ ਪਰੰਤੂ ਸਾਰੇ ਨਾਂਹ ਵਿਚ ਸਿਰ ਹਲਾ ਦੇਂਦੇ । ਉਹ ਨੇ ਥਲ ਅੱਗੇ ਵੀ ਵਾਸਤੇ ਪਾਏ :—

ਦਸ ਵੇ ਥਲਾ ਕਿਤੇ ਵੇਖੀ ਹੋਵੇ
ਮੇਰੇ ਪੁੰਨੂੰ ਦੀ ਡਾਚੀ ਕਾਲੀ
ਜਿੱਥੇ ਮੇਰਾ ਪੁੰਨੂੰ ਮਿਲੇ
ਉਹ ਧਰਤ ਨਸੀਬਾਂ ਵਾਲੀ ।

ਕੋਹਾਂ ਦੇ ਕੋਹ ਸੱਸੀ ਭੁਜਦੇ ਥਲਾਂ ਤੇ ਡਾਚੀ ਦਾ ਖੁਰਾ ਲਭਦੀ ਰਹੀ । ਅੰਤ ਮਾਰੂ ਥਲਾਂ ਵਿਚਕਾਰ ਭੁੱਖੀ ਭਾਣੀ ਉਹ ਬੇਹੋਸ਼ ਹੋਕੇ ਡਿਗ ਪਈ ਤੇ ਪੁੰਨੂੰ ਪੁੰਨੂੰ ਕੂਕਦੀ ਨੇ ਪਰਾਣ ਤਿਆਗ ਦਿੱਤੇ ।

—੪—

ਦੂਜੇ ਬੰਨੇ, ਪੁੰਨੂੰ ਨੂੰ ਹੋਸ਼ ਪਰਤੀ, ਉਹ ਦੀ ਜਿੰਦ—ਸੱਸੀ—ਉਹਦੇ ਪਾਸ ਨਹੀਂ ਸੀ, ਨਾਹੀਂ ਕਿਧਰੇ ਭੰਬੋਰ ਸ਼ਹਿਰ ਸੀ—ਚਾਰੇ ਬੰਨੇ ਮਾਰੂ ਰੇਤ ਥਲ ਨਜ਼ਰੀਂ ਆ ਰਿਹਾ ਸੀ । ਉਸ ਵਾਪਸ ਪਰਤਣ ਦੀ ਜ਼ਿਦ ਕੀਤੀ । ਉਹ ਦੇ ਭਰਾਵਾਂ ਉਹ ਨੂੰ ਲਖ ਸਮਝਾਇਆ । ਉਹ ਉਨ੍ਹੀ ਰਾਹੀਂ ਅਪਣੀ ਡਾਚੀ ਸਮੇਤ ਮੁੜ ਪਿਆ ! ਸੱਸੀ ਦਾ ਪਿਆਰਾ ਮੁਖੜਾ ਉਹ ਨੂੰ ਨਜ਼ਰੀਂ ਆਂਦਾ ਪਿਆ ਸੀ ।

ਡਾਚੀ ਤੇਜ਼ ਤੇਜ਼ ਕਦਮੀਂ ਭੰਬੋਰ ਸ਼ਹਿਰ ਵਲ ਨਸੀ ਆ ਰਹੀ ਸੀ । ਰਾਹ ਵਿਚ ਪੁੰਨੂੰ ਨੂੰ ਵਾਜ ਪਈ :

''ਡਾਚੀ ਵਾਲਿਆ, ਇਕ ਪਲ ਰੁਕ ਜਾਵੀਂ ! ਆ ਆਪਾਂ ਰਲਕੇ ਇਕ

ਰੱਬੀ ਜਿਊੜੇ ਦੀ ਕਬਰ ਪੁਟ ਦੇਵੀਏ । ਇਹ ਅਪਣੇ ਪਿਆਰੇ ਦੀ ਭਾਲ ਵਿਚ ਪੂਰੀ ਹੋ ਗਈ ਏ ।'' ਪੁਨੂੰ ਨੇ ਪਰਤ ਕੇ ਵੇਖਿਆ ਇਕ ਅਯਾਲੀ ਕਬਰ ਪੁਟਦਾ ਪਿਆ ਸੀ ।

ਪੁਨੂੰ ਦਾ ਦਿਲ ਧੜਕਿਆ । ਉਹ ਨੇ ਡਾਚੀ ਖਲ੍ਹਿਆਰ ਲਈ ਤੇ ਉਸ ਦੇ ਪਾਸ ਜਾਕੇ ਬੋਲਿਆ, ' ਕਿੱਥੇ ਹੈ ਉਹ ਸਿਦਕਣ ਮੁਟਿਆਰ ?''

ਅਯਾਲੀ ਪੁਨੂੰ ਨੂੰ ਦੱਰਖਤਾਂ ਦੇ ਇਕ ਝੁੰਡ ਕੋਲ ਲੈ ਗਿਆ । ਅਯਾਲੀ ਨੇ ਮੁਟਿਆਰ ਦੇ ਕੁਮਲਾਏ ਮੁਖੜੇ ਤੋਂ ਪੱਲਾ ਸਰਕਾਇਆ, ਪੁਨੂੰ ਦੇ ਹੋਸ਼ ਉਡ ਅਏ । ''ਸੱਸੀ !'' ਪੁਨੂੰ ਨੇ ਧਾ ਮਾਰੀ ਤੇ ਉਹਦੇ ਤੇ ਉਲਰ ਪਿਆ । ਪੁਨੂੰ ਵਿਰਲਾਪ ਕਰ ਰਿਹਾ ਸੀ ਤੇ ਉਹ ਦੇ ਕੋਸੇ ਹੰਝੂ ਕੁਮਲਾਏ ਚਿਹਰੇ ਨੂੰ ਧੋ ਰਹੇ ਸਨ । ''ਸੱਸੀਏ ਵੇਖ ਤੇਰਾ ਪੁਨੂੰ ਤੇਰੇ ਕੋਲ ਆ ਗਿਆ ਏ ! ਸੱਸੀਏ ! ਬੋਲ ਤਾਂ ਸਹੀ ... ਤੇ ਪੁਨੂੰ..... ਸੱਸੀਏ..... ਹਾਏ ਸੱਸੀਏ..... '' ਪੁਨੂੰ ਨੂੰ ਮੁੜਕੇ ਸਾਹ ਨਾ ਆਇਆ ।

ਅਯਾਲੀ ਦੀਆਂ ਅੱਖੀਆਂ ਵਿਚੋਂ ਹੰਝੂਆਂ ਦੇ ਦਰਿਆ ਵਗ ਟੁਰੇ । ਉਹਦੇ ਵੇਖਦੇ ਵੇਖਦੇ ਦੋ ਜਿੰਦਾਂ ਇਕ ਦੂਜੇ ਲਈ ਕੁਰਬਾਨ ਹੋ ਗਈਆਂ ।

ਅਯਾਲੀ ਨੇ ਤਾਂ ਅਪਣੀ ਸਹਾਇਤਾ ਲਈ ਰਾਹੀ ਨੂੰ ਬੁਲਾਇਆ ਸੀ, ਪਰੰਤੂ ਹੁਣ ਉਹ ਦੇ ਸਾਹਮਣੇ ਇਕ ਦੀ ਥਾਂ ਦੋ ਲੋਥਾਂ ਪਈਆਂ ਸਨ । ਖੌਰੇ ਕੋਈ ਹੋਰ ਉਸ ਦੀ ਮਦਦ ਲਈ ਆਵੇ ।

ਅਯਾਲੀ ਨੇ ਕੱਲਿਆਂ ਕਬਰ ਖੋਦੀ । ਦੋਨੋਂ ਉਸ ਵਿਚ ਦਫਨਾ ਦਿੱਤੇ ਤੇ ਉਹ ਦੇ ਜੀਵਨ ਨੇ ਅਜੇਹਾ ਪਲਟਾ ਖਾਧਾ ਕਿ ਉਹ ਸੱਸੀ ਪੁਨੂੰ ਦੀ ਕਬਰ ਉੱਤੇ ਫਕੀਰ ਬਣਕੇ ਬੈਠ ਗਿਆ ।

# ਮੈਂ ਜੜੀ ਸਗੀਂਦਲ

ਸੋਹਣੀ ਜਹੀ ਕਿਸੇ ਪ੍ਰੀਤ ਕੀ ਕਰਨੀ
ਉਹਦਾ ਪ੍ਰੀਤ ਵੀ ਪਾਣੀ ਭਰਦੀ
ਵਿਚ ਝਨਾਵਾਂ ਦੇ
ਸੋਹਣੀ ਆਪ ਡੁੱਬੀ ਰੂਹ ਤਰਦੀ

"ਮਾਲਕ ਐਡੇ ਹੁਸੀਨ ਮਿੱਟੀ ਦੇ ਭਾਂਡੇ ਮੈਂ ਆਪਣੀ ਸਾਰੀ ਜ਼ਿੰਦਗੀ ਵਿਚ ਨਹੀਂ ਤੱਕੇ ! ਮੈਂ ਸਾਰੀ ਦੁਨੀਆਂ ਵੇਖ ਚੁੱਕਿਆਂ...ਆਹ ! ਕੇਡੇ ਖ਼ੂਬਸੂਰਤ ਨੇ ਇਹ ਕੂਜੇ, ਇਹ ਬਾਦੀਏ !"

ਬੁਢੇ ਨੌਕਰ ਨੇ ਇਕ ਖ਼ੂਬਸੂਰਤ ਬਾਦੀਆ ਬਿਜ਼ਤਬੇਗ ਅੱਗੇ ਕਰ ਦਿੱਤਾ। ਬਲਖ ਬੁਖਾਰੇ ਦੇ ਪ੍ਰਸਿਧ ਸੌਦਾਗਰ ਮਿਰਜ਼ਾ ਅਲੀ ਦਾ ਨੌਜਵਾਨ ਪੁੱਤਰ ਇਜ਼ਤ ਬੇਗ ਬੜੀ ਰੀਝ ਨਾਲ ਇਨ੍ਹਾਂ ਭਾਂਡਿਆਂ ਨੂੰ ਤੱਕਣ ਲੱਗਾ।

ਅਜੇ ਕਲ ਦੀ ਰਾਤ ਹੀ ਤਾਂ ਉਹ ਏਥੇ ਗੁਜਰਾਤ ਆਏ ਸਨ।

"ਸਚਮੁਚ ਹੀ ਏਡੀ ਖ਼ੂਬਸੂਰਤ ਕਲਾ ਕਿਰਤ ਮੈਂ ਤੱਕੀ ਨਹੀਂ। ਅਪਣੇ ਦੇਸ਼ ਲਈ, ਇਹ, ਏਥੋਂ ਦੀ ਸੁਗਾਤ ਵਜੋਂ ਲੈ ਕੇ ਚੱਲਾਂਗੇ। ਅਸਾਂ ਏਸ ਸ਼ਹਿਰ ਮਸਾਂ ਦੋ 'ਕ ਦਿਨ ਠਹਿਰਨਾ ਹੈ' ਕਲ ਭਾਂਡਿਆਂ ਦੀ ਚੋਣ ਕਰਨੀ ਹੋਵੇਗੀ !"

"ਮਾਲਕ ਅਸੀਂ ਏਸ ਸੌਦੇ 'ਚ ਕਾਫੀ ਕਮਾ ਲਵਾਂਗੇ ! ਏਸ ਸੌਦੇ ਤੇ ਵੱਡੇ ਮਾਲਕ ਬਹੁਤ ਖੁਸ਼ ਹੋਣਗੇ।" ਬੁੱਢੇ ਨੌਕਰ ਦਾ ਮਨ ਨਫੇ ਬਾਰੇ ਸੋਚ ਰਿਹਾ ਸੀ।

"ਹਾਂ, ਹਾਂ, ਮੈਂ ਆਪਣੀ ਜ਼ਿੰਦਗੀ 'ਚ ਪਹਿਲੀ ਵਾਰ ਸੌਦਾਗਰੀ ਲਈ ਟੁਰਿਆ ਹਾਂ, ਵੇਖਦੇ ਆਂ ਏਸ ਸੌਦੇ 'ਚ ਨਫਾ ਰਹਿੰਦੈ ਕਿ ਘਾਟਾ ਪੈਂਦੈ !" ਇਜ਼ਤ ਬੇਗ ਨੇ ਮੁਸਕਰਾਂਦਿਆਂ ਉਤਰ ਦਿੱਤਾ।

ਇਜ਼ਤ ਬੇਗ ਅਪਣੇ ਨੌਕਰ ਸਮੇਤ ਗੁਜਰਾਤ ਦੀਆਂ ਹੱਟੀਆਂ ਵੇਖਦਾ ਵੇਖਦਾ ਤੁੱਲੇ ਦੀ ਭਾਂਡਿਆਂ ਦੀ ਦੁਕਾਨ ਤੇ ਪੁਜ ਗਿਆ। ਭਾਂਡੇ ਖਰੀਦਣ ਵਾਲਿਆਂ ਦੀ ਬੜੀ ਭੀੜ ਸੀ ! ਦੁਕਾਨ ਵਿਚ ਕੂਜੇ, ਬਾਦੀਏ, ਸੁਰਾਹੀਆਂ, ਘੜੇ, ਮਟਕੇ ਆਦਿ ਇਸ ਸਲੀਕੇ ਨਾਲ ਟਕਾਏ ਹੋਏ ਸਨ ਜਿਵੇਂ ਇਕ ਚਿਤਰਕਾਰ ਅਪਣੇ ਚਿਤਰਾਂ ਦੀ ਪ੍ਰਦਰਸ਼ਨੀ ਕਰਦਾ ਹੈ।

ਇਜ਼ਤ ਬੇਗ ਬਾਹਰ ਖੜਾ, ਸਜੀਲੀ ਦੁਕਾਨ ਵਲ ਪਰਸੰਸਾ ਭਰੀਆਂ ਤੱਕਣੀਆਂ ਨਾਲ ਤੱਕਦਾ ਰਿਹਾ !

ਗਾਹਕਾਂ ਦੀ ਕੁਝ ਭੀੜ ਘਟੀ ! ਤੁੱਲੇ ਦੀ ਨਿਗਾਹ ਨੌਜਵਾਨ ਸੌਦਾਗਰ ਤੇ ਜਾ ਪਈ। ਨੌਜਵਾਨ ਲਗਾਤਾਰ ਤੱਕੀ ਜਾ ਰਿਹਾ ਜੀ, ਖੁਸ਼ੀ ਉਹਦੀ ਅੱਖੀਆਂ ਵਿਚੋਂ ਡੁਲ੍ਹ ਡੁਲ੍ਹ ਪੌਂਦੀ ਸੀ !

"ਹੁਕਮ ਕਰੋ ਸਭ ਕੁਝ ਹਾਜ਼ਰ ਹੈ, ਜਲ ਪਾਨੀ ਦੀ ਆਗਿਆ ਦਿਓ।" ਤੁੱਲੇ ਨੇ ਨੌਜਵਾਨ ਸੌਦਾਗਰ ਅੱਗੇ ਦੋਨੋਂ ਹੱਥ ਜੋੜੇ ਅਤੇ ਕਾਹੀ ਦਾ ਬਣਿਆ ਰਾਂਗਲਾ ਮੂਹੜਾ ਅੱਗੇ ਵਧਾ ਦਿੱਤਾ।

"ਜਲ ਪਾਣੀ ਲਈ ਮਹਿਰਬਾਨੀ, ਸਾਨੂੰ ਕੁਝ ਭਾਂਡਿਆਂ ਦੀ ਲੋੜ ਏ, ਅਸੀਂ ਅਪਣੇ ਦੇਸ਼ ਨੂੰ ਤੁਹਾਡੇ ਦੇਸ਼ ਦੀ ਸ਼ੁਗਾਤ ਲਜਾਣਾ ਚਾਹੁੰਦੇ ਹਾਂ, ਕੁਝ ਨਮੂਨੇ ਵਖਾਓ,' ਮੂਹੜੇ ਤੇ ਬੈਠਦਿਆਂ ਇਜ਼ਟ ਬੇਗ ਨੇ ਉਤਰ ਦਿੱਤਾ।

ਤੁੱਲਾ ਘੁਮਿਆਰ ਦੁਕਾਨ ਅੰਦਰੋਂ ਭਾਂਡੇ ਲੈਣ ਲਈ ਚਲਿਆ ਗਿਆ। ਇਜ਼ਤ ਬੇਗ ਸੋਚਦਾ ਪਿਆ ਸੀ ਕਿ ਉਹ ਏਡੇ ਖ਼ੂਬਸੂਰਤ ਭਾਂਡਿਆਂ ਦੇ ਰਚਣਹਾਰੇ ਦੀ ਸਿਫ਼ਤ ਕਰੇ ਤਾਂ ਕਿਵੇਂ ਕਰੇ। ਅੱਖਰ ਉਹਨੂੰ ਲਭਦੇ ਨਹੀਂ ਸਨ ਪਏ !

ਤੁੱਲਾਂ ਅੰਦਰੋਂ ਕਈ ਨਮੂਨੇ ਲੈ ਆਇਆ। ਨਮੂਨੇ ਕੀ ਸਨ। ਕਿਸੇ ਕਰਾਮਾਤੀ ਹੱਥਾਂ ਦਾ ਕਮਾਲ ਸਨ। ਕੇਹੀ ਚਿਤਰਕਾਰੀ ਸੀ ਇਨ੍ਹਾਂ ਉੱਤੇ, ਤੱਕਿਆਂ ਭੁਖ

ਲਹਿੰਦੀ ਸੀ। "ਆਹ ! ਕਿੰਨਾ ਖੂਬਸੂਰਤ ਹੋਵੇਗਾ ਉਸ ਕਲਾਕਾਰ ਦਾ ਦਿਲ, ਕਿੰਨੀਆਂ ਖੂਬਸੂਰਤ ਹੋਣਗੀਆਂ ਉਸ ਜਾਦੂਗਰ ਦੀਆਂ ਉਂਗਲਾਂ, ਜੀਹਨੇ ਅਜਿਹੀਆਂ ਖੂਬਸੂਰਤ ਕਲਾ ਕਿਰਤਾਂ ਨੂੰ ਜਨਮ ਦਿੱਤਾ ਹੈ।" ਇਜ਼ਤ ਬੇਗ ਸੋਚਦਾ ਪਿਆ ਸੀ।

"ਇਹ ਬਹੁਤ ਸੁੰਦਰ ਹਨ, ਅਤੀ ਸੁੰਦਰ ! ਕੋਈ ਕਦਰਦਾਨ ਦਿਲ ਹੀ ਇਨ੍ਹਾਂ ਦਾ ਮੁਲ ਤਾਰ ਸਕਦਾ ਹੈ। ਤੁਸੀਂ ਏਡੇ ਮਨਮੋਹਣੇ ਭਾਂਡੇ ਬਣਾ ਕਿਵੇਂ ਲੈ ਦੇ ਹੋ ?" ਇਜ਼ਤ ਬੇਗ ਦੀਆਂ ਪਰਸੰਸਾ ਭਰੀਆਂ ਤੱਕਣੀਆਂ ਜਾਣਕਾਰੀ ਲੋੜਦੀਆਂ ਸਨ।

ਪਰਸੰਸਾ ਦੇ ਸ਼ਬਦ ਸੁਣ ਕੇ, ਤੁੱਲੇ ਦੀਆਂ ਅੱਖਾਂ ਚਮਕ ਉੱਠੀਆਂ। ਉਹ ਇਜ਼ਤ ਬੇਗ ਨੂੰ ਅਪਣੇ ਕਲਾ ਭਵਨ ਵਿਚ ਲੈ ਗਿਆ ਜਿਥੇ ਭਾਂਡੇ ਬਣ ਰਹੇ ਸਨ। ਚੱਕ ਬੜੀ ਤੇਜ਼ੀ ਨਾਲ ਘੁੰਮਦਾ ਪਿਆ ਸੀ, ਉਸਦੀ ਕਲਪਣਾ ਦੀ ਖੂਬਸੂਰਤ ਦਿਲ ਵਾਲੀ ਮੁਟਿਆਰ ਅਪਣੀਆਂ ਕੋਮਲ ਉਂਗਲਾਂ ਨਾਲ, ਗੁੰਨੀ ਹੋਈ ਮਿੱਟੀ ਨੂੰ ਜਾਦੂ ਭਰੀਆਂ ਛੁਹਾਂ ਦੇ ਰਹੀ ਸੀ।

"ਇਹ ਹੈ ਮੇਰੀ ਧੀ ਸੋਹਣੀ, ਇਹ ਸਾਰੇ ਭਾਂਡੇ ਏਸੇ ਦੇ ਬਣਾਏ ਹੋਏ ਹਨ," ਤੁੱਲੇ ਨੇ ਅਪਣੀ ਧੀ ਵਲ ਇਸ਼ਾਰਾ ਕੀਤਾ।

ਘੁੰਮਦਾ ਚੱਕ ਹੌਲੀ ਹੋ ਗਿਆ। ਮੁਟਿਆਰ ਚੱਕ ਉੱਤੇ ਜਨਮ ਲੈ ਰਹੇ ਸ਼ਾਹਕਾਰ ਵਿਚ ਮਗਨ ਸੀ, ਉਸ ਜ਼ਰਾ 'ਕ ਪਿੱਛੇ ਮੁੜਕੇ ਤੱਕਿਆ–ਕਾਲੀਆਂ ਘਟਾਵਾਂ ਪਿੱਛੋਂ ਚੰਦ ਦੀ ਪਿਆਰੀ ਟੁਕੜੀ ਟਹਿਕ ਪਈ।

ਇਜ਼ਤ ਬੇਗ ਨੇ ਧੁਪ ਵਿਚ ਸੁਕਾਏ ਜਾ ਰਹੇ ਭਾਂਡੇ ਤੱਕੇ ਅਤੇ ਆਵੇ ਵਿਚ ਪਕਾਏ ਜਾ ਰਹੇ ਭਾਂਡਿਆਂ ਬਾਰੇ ਜਾਣਕਾਰੀ ਪਰਾਪਤ ਕੀਤੀ। ਜਿੰਨੀ ਦੇਰ ਉਹ ਇਸ ਕਲਾ ਭਵਨ ਵਿਚ ਰਿਹਾ, ਸੋਹਣੀ ਦੀ ਪਿਆਰੀ ਸੂਰਤ ਉਹਨੂੰ ਨਜ਼ਰੀਂ ਆਂਦੀ ਰਾਹੀ। ਉਸਨੂੰ ਭਾਂਡਿਆਂ ਦੀ ਖੂਬਸੂਰਤ ਦਾ ਭੇਤ ਸਮਝ ਪੈ ਗਿਆ, "ਸੋਹਣੀ ਦਾ ਅਪਣਾ ਰੂਪ ਹੀ ਤਾਂ ਇਨ੍ਹਾਂ ਮਿੱਟੀ ਦਿਆਂ ਭਾਂਡਿਆਂ ਵਿਚ ਸਮਾਇਆ ਹੋਇਆ ਹੈ ਜਿਸ ਕਰਕੇ ਉਹ ਏਨੇ ਖੂਬਸੂਰਤ ਲਗਦੇ ਨੇ।"

ਉਨ੍ਹਾਂ ਬਹੁਤ ਸਾਰੇ ਭਾਂਡੇ ਖਰੀਦ ਲਏ, ਜੋ ਸੁਲ ਤੁੱਲੇ ਨੇ ਮੰਗਿਆ ਉਨ੍ਹਾਂ ਤਾਰ ਦਿੱਤਾ।

ਤੁੱਲੇ ਦੀ ਦੁਕਾਨ ਵਿਚੋਂ ਨਿਕਲਦਿਆਂ ਇਜ਼ਤ ਬੇਗ ਨੇ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਉਹ ਕਿਸੇ ਪਵਿੱਤਰ ਮੰਦਰ ਦੀ ਜ਼ਿਆਰਤ ਕਰ ਕੇ ਆ ਰਿਹਾ ਹੋਵੇ।

ਹੁਣ ਤੁੱਲੇ ਦੀ ਜਾਦੂਗਰ ਧੀ, ਸੋਹਣੀ, ਇਜ਼ਤ ਬੇਗ ਦੇ ਖਿਆਲਾਂ ਤੇ ਛਾ ਚੁੱਕੀ ਸੀ!

## ੩

ਇਜ਼ਤ ਬੇਗ ਨੇ ਖੂਬਸੂਰਤ ਭਾਂਡੇ ਅਪਣੇ ਤੰਬੂ ਵਿਚ ਸਜਾ ਦਿੱਤੇ। ਜਿਸ ਭਾਂਡੇ ਵਲ ਉਹ ਤੱਕਦਾ, ਚੰਨ ਨਾਲੋਂ ਪਿਆਰੀ ਸੋਹਣੀ ਉਹਨੂੰ ਨਜ਼ਰ ਆਂਦੀ! ਹਰ ਪਾਸੇ ਸੋਹਣੀ, ਜਿਧਰ ਵੀ ਤੱਕਦਾ ਮੁਸਕਰਾਂਦੀ ਸੋਹਣੀ ਵਖਾਈ ਦੇਂਦੀ! ਸਾਰੀ ਰਾਤ ਉਹ ਸੋਹਣੀ ਦੇ ਖਿਆਲਾਂ 'ਚ ਖੋਇਆ ਰਿਹਾ, ਇਕ ਪਲ ਲਈ ਵੀ ਉਹਨੂੰ ਨੀਂਦ ਨਾਂ ਪਈ। ਪੈਸੇ ਦਾ ਵਣਜ ਕਰਨ ਆਇਆ ਸੌਦਾਗਰ ਇਸ਼ਕ ਦਾ ਵਣਜ ਕਰਨ ਲਈ ਤ੍ਰਿਤਾਵਲਾ ਹੋ ਉਠਿਆ!

ਉਹਨੇ ਅਪਣਾ ਨੌਕਰ ਅਪਣੇ ਦੇਸ਼ ਪਰਤਾ ਦਿੱਤਾ ਤੇ ਆਪ ਗੁਜਰਾਤ ਵਿਚ ਹੀ ਭਾਂਡਿਆਂ ਦੀ ਹੱਟੀ ਪਾ ਲਈ। ਉਹ ਭਾਂਡੇ ਖਰੀਦਣ ਦੇ ਬਹਾਂਨੇ ਹਰ ਰੋਜ਼ ਸੋਹਣੀ ਦਾ ਪਿਆਰਾ ਮੁਖੜਾ ਤੱਕ ਆਉਂਦਾ। ਭਾਂਡਿਆਂ ਦਾ ਵਪਾਰੀ ਉਹ ਕਿਧਰੋਂ ਸੀ, ਉਹ ਤਾਂ ਨੈਣਾਂ ਦਾ ਵਣਜਾਰਾ ਸੀ, ਹੁਸਨ ਦੀ ਹੱਟੀ ਤੋਂ ਸੌਦਾ ਖਰੀਦਣ ਵਾਲਾ। ਦੁਕਾਨ ਵਿਚ ਘਾਟੇ ਦਾ ਘਾਟਾ ਪੈਂਦਾ ਗਿਆ। ਇਕ ਵਰ੍ਹੇ ਵਿਚ ਹੀ ਉਹਨੇ ਅਪਣੀ ਸਾਰੀ ਪੂੰਜੀ ਮੁਕਾ ਦਿੱਤੀ। ਤੁੱਲੇ ਦਾ ਸੈਂਕੜੇ ਰੁਪੈ ਦਾ ਕਰਜ਼ਾ ਉਹਦੇ ਸਿਰ ਹੋ ਗਿਆ। ਹਾਲਤ ਏਥੋਂ ਤੱਕ ਪੁਜ ਗਈ ਕਿ ਉਹ ਰੋਟੀ ਤੋਂ ਵੀ ਆਤੁਰ ਹੋ ਗਿਆ।

ਅਜੇਂ ਤੀਕਰ ਇਜ਼ਤਬੇਗ ਨੇ ਸੋਹਣੀ ਨਾਲ ਦੋ ਪਿਆਰ ਭਰੀਆਂ ਗੱਲੜੀਆਂ ਵੀ ਨਹੀਂ ਸਨ ਕੀਤੀਆਂ, ਸੋਹਣੀ ਦੀਆਂ ਅੱਖਾਂ ਵਿਚ ਅੱਖਾਂ ਪਾਕੇ ਮੁਸਕਰਾਇਆ ਤਕ ਨਹੀਂ ਸੀ।

ਹਾਰਕੇ ਇਜ਼ਤ ਬੇਗ ਨੇ ਤੁੱਲੇ ਦੇ ਪੈਰ ਜਾ ਫੜੇ।

"ਮਾਪਿਆ ਮੈਨੂੰ ਬਚਾ ਲੈ ! ਮੇਰੇ ਪਾਸ ਫੁੱਟੀ ਕੌਡੀ ਵੀ ਨਹੀਂ ਜੀਹਦੇ ਨਾਲ ਮੈਂ ਤੇਰਾ ਕਰਜ਼ ਮੋੜ ਸਕਾਂ। ਇਸ ਪ੍ਰਦੇਸ਼ ਵਿਚ ਮੇਰਾ ਕੋਈ ਨਹੀਂ। ਹੇ ਨੇਕ ਦਿਲ ਬੰਦੇ ਮੇਰੇ ਤੇ ਤਰਸ ਕਰ ! ਮੈਨੂੰ ਆਪਣੇ ਕੋਲ ਨੌਕਰ ਰੱਖ ਲੈ ! ਮੈਂ ਸਿਰਫ਼ ਦੋ ਟੁਕੜੇ ਰੋਟੀ ਦੇ ਖਾ ਕੇ ਗੁਜ਼ਰ ਕਰ ਲਵਾਂਗਾ, ਮੇਰੀ ਨੌਕਰੀ ਵਿਚੋਂ ਅਪਣਾ ਕਰਜ਼ਾ ਕਟ ਲੈਣਾ।" ਇਜ਼ਤ ਬੇਗ ਨੇ ਲੇਲ੍ਹੜੀਆਂ ਕਢਦਿਆਂ ਆਖਿਆ ! ਉਹਦੇ ਨੈਣ ਭਰ ਆਏ।

ਤੁੱਲਾ ਸੋਚੀਂ ਪੈ ਗਿਆ। ਕੁਝ ਚਿਰ ਸੋਚਕੇ ਤੁੱਲੇ ਨੇ ਹੁੰਗਾਰਾ ਭਰਿਆ, "ਬੇਟਾ ਘਾਬਰਨ ਦੀ ਲੋੜ ਨਹੀਂ। ਵਣਜਾਂ ਵਿਚ ਘਾਟੇ ਵਾਧੇ ਬਣੇ ਹੀ ਹੋਏ ਨੇ ! ਇਹ ਮੈਂ ਜਾਣਨਾਂ ਕਿ ਤੂੰ ਪ੍ਰਦੇਸੀ ਏਂ, ਏਥੇ ਤੇਰਾ ਕੋਈ ਮਦਦਗਾਰ ਨਹੀਂ। ਤੂੰ ਮੇਰੇ ਕੋਲ ਨੌਕਰ ਰਹਿਣ ਦਾ ਸਵਾਲ ਪਾਇਆ ਏ। ਮੈਂ ਸਵਾਲੀ ਕਦੇ ਦਰੋਂ ਮੋੜਿਆ ਨਹੀਂ। ਮੈਂ ਤੈਨੂੰ ਆਪਣੇ ਕੋਲ ਨੌਕਰ ਰੱਖਣ ਨੂੰ ਤਾਂ ਤਿਆਰ ਹਾਂ ਪਰ ਸ਼ਰਤ ਇਕ ਏ........."

"ਹਾਂ ਦਸ ਬਾਬਾ......।" ਇਜ਼ਤ ਬੇਗ ਕਾਹਲੀ ਨਾਲ ਬੋਲਿਆ। ਉਹਨੂੰ ਆਸ ਦਾ ਟਹਿਟਹਾਣਾ ਜਗਮਗਾਂਦਾ ਵਖਾਈ ਦੇ ਰਿਹਾ ਸੀ।

"ਤੈਨੂੰ ਮੱਝਾਂ ਚਾਰਨ ਤੇ ਨੌਕਰ ਰਹਿਣਾ ਪਵੇਗਾ, ਸੋਚ ਲੈ।" ਤੁੱਲੇ ਨੇ ਗੰਭੀਰਤਾ ਪੂਰਬਕ ਆਖਿਆ।

"ਮੈਨੂੰ ਮਨਜ਼ੂਰ ਏ, ਮੈਂ ਖਿੜੇ ਮੱਥੇ ਇਹ ਨੌਕਰੀ ਕਰਾਂਗਾ।"

ਇਜ਼ਤ ਬੇਗ ਲਈ ਜਿਵੇਂ ਸਵਰਗ ਦੀ ਖਿੜਕੀ ਖੁਲ੍ਹ ਗਈ ਹੋਵੇ। ਅਪਣੇ ਅਪਣੇ ਪਿਆਰੇ ਨਾਲ ਨੇੜਤਾ ਪਰਾਪਤ ਕਰਨ ਦੀ ਸੱਧਰ ਉਹਨੂੰ ਹੁਣ ਪੂਰੀ ਹੁੰਦੀ ਜਾਪਦੀ ਸੀ।

ਇਜ਼ਤ ਬੇਗ ਮੂੰਹ ਝਾਖਰੇ ਹੀ ਮੱਝਾਂ ਖੋਹਲਦਾ, ਅਪਣੇ ਚਰਵਾਹੇ ਸਾਥੀਆਂ ਸਮੇਤ ਝਨਾ ਦੇ ਬੇਲੇ ਵਿਚ ਪੁਜ ਜਾਂਦਾ। ਇਜ਼ਤ ਬੇਗ ਤੋਂ ਉਹ ਹੁਣ ਮਹੀਂਵਾਲ ਬਣ ਚੁੱਕਾ ਸੀ, ਉਹਨੂੰ ਇਸੇ ਨਾਂ ਨਾਲ ਸਦਦੇ ਸਨ। ਕੋਈ ਡੇਢ ਵਰ੍ਹਾ ਇਸੇ ਪਰਕਾਰ ਲੰਘ ਗਿਆ। ਸੋਹਣੀ ਦੀ ਰਾਂਗਲੀ ਨੁਹਾਰ ਮਹੀਂਵਾਲ ਲਈ ਜ਼ਿੰਦਗੀ ਜੀਣ ਦਾ ਲਾਰਾ ਦੇਈ ਜਾ ਰਿਹਾ ਸੀ। ਉਹ ਕਈ ਵਾਰ ਕਲਪਣਾ ਵਿਚ ਹੀ ਸੋਹਣੀ ਨਾਲ ਸ਼ਹਿਦ ਭਰੀਆਂ ਗੱਲਾਂ ਕਰਦਾ, ਰੁਸਦਾ, ਹਸਦਾ ਅਤੇ ਮਨਮਨਾਈ ਕਰਦਾ। ਪਰੰਤੂ ਸੋਹਣੀ ਅਜੇ ਉਹਦੇ ਪਾਸੋਂ ਬਹੁਤ ਦੂਰ ਸੀ, ਅਸਮਾਨੀ ਤਾਰਿਆਂ ਨਾਲੋ ਵੀ ਦੂਰ! ਸੋਹਣੀ ਤਾਂ ਉਹਦੇ ਲਈ ਲਾਜਵੰਤੀ ਦਾ ਬੂਟਾ ਸੀ, ਜਿਹੜਾ ਹਥ ਲਾਇਆਂ ਕੁਮਲਾ ਜਾਂਦਾ ਏ।

ਇਕ ਦਿਨ ਸੋਹਣੀ ਬੇਲੇ ਵਿਚ ਮਹੀਂਵਾਲ ਲਈ ਭੱਤਾ ਲੈਕੇ ਆ ਗਈ। ਉਹਦਾ ਚੋ ਚੋ ਪੋਂਦਾ ਰੂਪ ਮਹੀਂਵਾਲ ਨੂੰ ਤੜਪਾ ਗਿਆ। ਉਸ ਅਪਣਾ ਦਿਲ ਸੋਹਣੀ ਅੱਗੇ ਫੋਲ ਸੁਟਿਆ।

''ਸੋਹਣੀਏਂ, ਮੈਂ ਤੇਰੇ ਲਈ ਅਪਣੇ ਮਾਂ ਬਾਪ ਅਤੇ ਅਪਣਾ ਪਿਆਰਾ ਦੇਸ਼ ਛਡ ਦਿਤੈ! ਪਰ ਤੂੰ ਏਂ ਜੀਹਨੇ ਅਜ ਤਕ ਮੇਰੇ ਨਾਲ ਸਿੱਧੇ ਮੂੰਹ ਗੱਲ ਵੀ ਨਹੀਂ ਕੀਤੀ। ਹਜ਼ਾਰਾਂ ਲੱਖਾਂ ਦੀ ਦੌਲਤ ਨੂੰ ਲਤ ਮਾਰਕੇ ਮੈਂ ਤੇਰੀਆਂ ਮੱਝਾਂ ਚਾਰ ਰਿਹਾਂ। ਕੁਝ ਰਹਿਮ ਕਰ ਸੋਹਣੀਏਂ। ਕੁਝ ਤਰਸ ਕਰ ਹੁਸਨ ਪਰੀਏ।''

ਸੋਹਣੀ ਦੇ ਹੁਸ਼ਨਾਕ ਚਿਹਰੇ ਤੇ ਲਾਲੀ ਦੀ ਲਹਿਰ ਦੌੜ ਗਈ। ਉਹਨੇ ਮਹੀਂਵਾਲ ਨੂੰ ਅਪਣੇ ਕਲਾਵੇ ਵਿਚ ਲੈ ਲਿਆ ਤੇ ਅਪਣੀ ਮਹੁੱਬਤ ਇਸ਼ਕ ਦੀ ਦਹਿਲੀਜੇ ਚੜ੍ਹਾ ਦਿੱਤੀ।

''ਸੋਹਣੀਏਂ ਦੁਨੀਆਂ ਦੀ ਸਾਰੀ ਦੌਲਤ ਅਜ ਮੇਰੀ ਝੋਲੀ ਵਿਚ ਏ! ਮੇਰੇ ਨਾਲੋਂ ਅਮੀਰ ਹੁਣ ਇਸ ਦੁਨੀਆਂ ਵਿਚ ਦੂਜਾ ਨਹੀਂ।'' ਮਹੀਂਵਾਲ ਨੇ ਸੋਹਣੀ ਨੂੰ ਅਪਣੀ ਛਾਤੀ ਨਾਲ ਘੁਟ ਲਿਆ ਤੇ ਉਹਦੀਆਂ ਗੁਲਾਬੀ ਗੱਲ੍ਹਾਂ ਤੇ ਉਨਾਬੀ ਬੁੱਲੀਆਂ ਤੇ ਚੁਮਣਾ ਦਾ ਮੀਂਹ ਵਰਸਾ ਦਿੱਤਾ।

''ਮਹੀਂਵਾਲਾ ਮੈਂ ਅਪਣੀ ਪਾਕ ਮੁਹੱਬਤ ਤੇਰੇ ਹਵਾਲੇ ਕਰ ਦਿੱਤੀ ਐ, ਮੈਂ ਵਫਾ ਨਿਭਾਵਾਂਗੀ ਇਸ਼ਕ ਨੂੰ ਦਾਗ਼ ਨਹੀਂ ਲਗਣ ਦਿਆਂਗੀ......।''

ਸੋਹਣੀ ਮਹੀਂਵਾਲ ਹਰ ਰੋਜ ਬੇਲੇ ਵਿਚ ਪਿਆਰ ਮਿਲਣੀਆਂ ਮਾਣਚੇ ਰਹੇ।

ਬੇਲੇ ਵਿਚ ਸੋਹਣੀ ਦਾ ਰੋਜ਼ ਮਹੀਂਵਾਲ ਪਾਸ ਜਾਣਾ ਕਈ ਖਚਰੀਆਂ ਨਜ਼ਰਾਂ ਨੂੰ ਖੁੜਕ ਗਿਆ। ਉਨ੍ਹਾਂ ਦੇ ਇਸ਼ਕ ਦੀ ਚਰਚਾ ਸ਼ੁਰੂ ਹੋ ਗ੍ਈ:

ਤੂੰ ਹਸਦੀ ਦਿਲ ਰਾਜ਼ੀ ਮੇਰਾ
ਲਗਦੇ ਨੇ ਬੋਲ ਪਿਆਰੇ
ਚਲ ਕਿਧਰੇ ਦੋ ਗੱਲਾਂ ਕਰੀਏ
ਬਹਿ ਕੇ ਨਦੀ ਕਿਨਾਰੇ
ਲੁਕ ਲੁਕ ਲਾਈਆਂ ਪਰਗਟ ਹੋਈਆਂ
ਵਜ ਗਏ ਢੋਲ ਨਿਗਾਰੇ
ਸੋਹਣੀਏਂ ਆ ਜਾ ਨੀਂ
ਡੁਬਦਿਆਂ ਨੂੰ ਰਬ ਤਾਰੇ

ਤੁੱਲੇ ਨੂੰ ਵੀ ਸੋਹਣੀ ਮਹੀਂਵਾਲ ਦੇ ਪ੍ਰੇਮ ਬਾਰੇ ਸੂਹ ਮਿਲ ਗਈ। ਦੋ ਜਵਾਨੀਆਂ ਦੀ ਪਾਕ ਮੁਹੱਬਤ ਨੂੰ ਉਨ੍ਹਾਂ ਪਰਵਾਨ ਨਾ ਕੀਤਾ। ਮਹੀਂਵਾਲ ਨੂੰ ਚਾਕਰੀਓਂ ਜਵਾਬ ਮਿਲ ਗਿਆ ਅਤੇ ਸੋਹਣੀ ਨੂੰ ਉਨ੍ਹਾਂ ਗੁਜਰਾਤ ਦੇ ਇਕ ਹੋਰ ਘੁਮਾਰਾਂ ਦੇ ਮੁੰਡੇ ਨਾਲ ਵਿਆਹ ਦਿੱਤਾ।

ਸੋਹਣੀ ਮਹੀਂਵਾਲ ਲਈ ਤੜਪਦੀ ਰਹੀ, ਮਹੀਂਵਾਲ ਸੋਹਣੀ ਦੇ ਵੈਰਾਗ ਵਿਚ ਹੰਝੂ ਕੇਰਦਾ ਰਿਹਾ! ਝੂਠੀ ਲੋਕ ਲਾਜ ਨੇ ਦੋ ਪਿਆਰੇ ਵਿਛੋੜ ਦਿੱਤੇ, ਦੋ ਰੂਹਾਂ ਘਾਇਲ ਕਰ ਦਿੱਤੀਆਂ!

ਇਜ਼ਤ ਬੇਗੋਂ ਮਹੀਂਵਾਲ ਬਣਿਆ ਮਹੀਂਵਾਲ, ਮਹੀਂਵਾਲੋਂ ਫਕੀਰ ਬਣ ਗਿਆ ਤੇ ਗੁਜਰਾਤ ਤੋਂ ਵਜ਼ੀਰਾ ਬਾਦ ਦੇ ਪਾਸੇ ਇਕ ਮੀਲ ਦੀ ਦੂਰੀ ਤੇ ਦਰਿਆ ਦੇ ਪਾਰਲੇ ਕੰਢੇ ਝੁੱਗੀ ਜਾ ਪਾਈ।

ਇਜ਼ਤ ਬੇਗ ਮੂੰਹ ਝਾਖਰੇ ਹੀ ਮੱਝਾਂ ਖੋਹਲਦਾ, ਅਪਣੇ ਚਰਵਾਹੇ ਸਾਥੀਆਂ ਸਮੇਤ ਝਨਾ ਦੇ ਬੇਲੇ ਵਿਚ ਪੁਜ ਜਾਂਦਾ । ਇਜ਼ਤ ਬੇਗ ਤੋਂ ਉਹ ਹੁਣ ਮਹੀਂਵਾਲ ਬਣ ਚੁੱਕਾ ਸੀ, ਉਹਨੂੰ ਇਸੇ ਨਾਂ ਨਾਲ ਸਦਦੇ ਸਨ । ਕੋਈ ਡੇਢ ਵਰ੍ਹਾ ਇਸੇ ਪਰਕਾਰ ਲੰਘ ਗਿਆ । ਸੋਹਣੀ ਦੀ ਰਾਂਗਲੀ ਨੁਹਾਰ ਮਹੀਂਵਾਲ ਲਈ ਜ਼ਿੰਦਗੀ ਜੀਣ ਦਾ ਲਾਰਾ ਦੇਈ ਜਾ ਰਿਹਾ ਸੀ । ਉਹ ਕਈ ਵਾਰ ਕਲਪਣਾ ਵਿਚ ਹੀ ਸੋਹਣੀ ਨਾਲ ਸ਼ਹਿਦ ਭਰੀਆਂ ਗੱਲਾਂ ਕਰਦਾ, ਰੁਸਦਾ, ਹਸਦਾ ਅਤੇ ਮਨਮਨਾਈ ਕਰਦਾ । ਪਰੰਤੂ ਸੋਹਣੀ ਅਜੇ ਉਹਦੇ ਪਾਸੋਂ ਬਹੁਤ ਦੂਰ ਸੀ, ਅਸਮਾਨੀ ਤਾਰਿਆਂ ਨਾਲੋ ਵੀ ਦੂਰ ! ਸੋਹਣੀ ਤਾਂ ਉਹਦੇ ਲਈ ਲਾਜਵੰਤੀ ਦਾ ਬੂਟਾ ਸੀ, ਜਿਹੜਾ ਹਥ ਲਾਇਆਂ ਕੁਮਲਾ ਜਾਂਦਾ ਏ ।

ਇਕ ਦਿਨ ਸੋਹਣੀ ਬੇਲੇ ਵਿਚ ਮਹੀਂਵਾਲ ਲਈ ਭੱਤਾ ਲੈਕੇ ਆ ਗਈ । ਉਹਦਾ ਚੋ ਚੋ ਪੈਂਦਾ ਰੂਪ ਮਹੀਂਵਾਲ ਨੂੰ ਤੜਪਾ ਗਿਆ । ਉਸ ਅਪਣਾ ਦਿਲ ਸੋਹਣੀ ਅੱਗੇ ਫੋਲ ਸੁਟਿਆ ।

''ਸੋਹਣੀਏਂ, ਮੈਂ ਤੇਰੇ ਲਈ ਅਪਣੇ ਮਾਂ ਬਾਪ ਅਤੇ ਅਪਣਾ ਪਿਆਰਾ ਦੇਸ਼ ਛਡ ਦਿਤੈ ! ਪਰ ਤੂੰ ਏਂ ਜੀਹਨੇ ਅਜ ਤਕ ਮੇਰੇ ਨਾਲ ਸਿੱਧੇ ਮੂੰਹ ਗੱਲ ਵੀ ਨਹੀਂ ਕੀਤੀ । ਹਜ਼ਾਰਾਂ ਲੱਖਾਂ ਦੀ ਦੌਲਤ ਨੂੰ ਲਤ ਮਾਰਕੇ ਮੈਂ ਤੇਰੀਆਂ ਮੱਝਾਂ ਚਾਰ ਰਿਹਾਂ । ਕੁਝ ਰਹਿਮ ਕਰ ਸੋਹਣੀਏਂ । ਕੁਝ ਤਰਸ ਕਰ ਹੁਸਨ ਪਰੀਏ ।''

ਸੋਹਣੀ ਦੇ ਹੁਸ਼ਨਾਕ ਚਿਹਰੇ ਤੇ ਲਾਲੀ ਦੀ ਲਹਿਰ ਦੌੜ ਗਈ । ਉਹਨੇ ਮਹੀਂਵਾਲ ਨੂੰ ਅਪਣੇ ਕਲਾਵੇ ਵਿਚ ਲੈ ਲਿਆ ਤੇ ਅਪਣੀ ਮਹੁੱਬਤ ਇਸ਼ਕ ਦੀ ਦਹਿਲੀਜੇ ਚੜ੍ਹਾ ਦਿੱਤੀ ।

''ਸੋਹਣੀਏਂ ਦੁਨੀਆਂ ਦੀ ਸਾਰੀ ਦੌਲਤ ਅਜ ਮੇਰੀ ਝੋਲੀ ਵਿਚ ਏ ! ਮੇਰੇ ਨਾਲੋਂ ਅਮੀਰ ਹੁਣ ਇਸ ਦੁਨੀਆਂ ਵਿਚ ਦੂਜਾ ਨਹੀਂ ।'' ਮਹੀਂਵਾਲ ਨੇ ਸੋਹਣੀ ਨੂੰ ਅਪਣੀ ਛਾਤੀ ਨਾਲ ਘੁਟ ਲਿਆ ਤੇ ਉਹਦੀਆਂ ਗੁਲਾਬੀ ਗੱਲ੍ਹਾਂ ਤੇ ਉਨਾਬੀ ਬੁੱਲੀਆਂ ਤੇ ਚੁਮਣਾ ਦਾ ਮੀਂਹ ਵਰਸਾ ਦਿੱਤਾ ।

"ਮਹੀਂਵਾਲਾ ਮੈਂ ਅਪਣੀ ਪਾਕ ਮੁਹੱਬਤ ਤੇਰੇ ਹਵਾਲੇ ਕਰ ਦਿੱਤੀ ਐ, ਮੈਂ ਵਫਾ ਨਿਭਾਵਾਂਗੀ ਇਸ਼ਕ ਨੂੰ ਦਾਗ ਨਹੀਂ ਲਗਣ ਦਿਆਂਗੀ......।"

ਸੋਹਣੀ ਮਹੀਂਵਾਲ ਹਰ ਰੋਜ ਬੇਲੇ ਵਿਚ ਪਿਆਰ ਮਿਲਣੀਆਂ ਮਾਣਦੇ ਰਹੇ।

ਬੇਲੇ ਵਿਚ ਸੋਹਣੀ ਦਾ ਰੋਜ਼ ਮਹੀਂਵਾਲ ਪਾਸ ਜਾਣਾ ਕਈ ਖਚਰੀਆਂ ਨਜ਼ਰਾਂ ਨੂੰ ਖੁੜਕ ਗਿਆ। ਉਨ੍ਹਾਂ ਦੇ ਇਸ਼ਕ ਦੀ ਚਰਚਾ ਸ਼ੁਰੂ ਹੋ ਗਈ :

ਤੂੰ ਹਸਦੀ ਦਿਲ ਰਾਜ਼ੀ ਮੇਰਾ
ਲਗਦੇ ਨੇ ਬੋਲ ਪਿਆਰੇ
ਚਲ ਕਿਧਰੇ ਦੋ ਗੱਲਾਂ ਕਰੀਏ
ਬਹਿ ਕੇ ਨਦੀ ਕਿਨਾਰੇ
ਲੁਕ ਲੁਕ ਲਾਈਆਂ ਪਰਗਟ ਹੋਈਆਂ
ਵਜ ਗਏ ਢੋਲ ਨਿਗਾਰੇ
ਸੋਹਣੀਏਂ ਆ ਜਾ ਨੀਂ
ਡੁਬਦਿਆਂ ਨੂੰ ਰਬ ਤਾਰੇ

ਤੁੱਲੇ ਨੂੰ ਵੀ ਸੋਹਣੀ ਮਹੀਂਵਾਲ ਦੇ ਪ੍ਰੇਮ ਬਾਰੇ ਸੂਹ ਮਿਲ ਗਈ। ਦੋ ਜਵਾਨੀਆਂ ਦੀ ਪਾਕ ਮੁਹੱਬਤ ਨੂੰ ਉਨ੍ਹਾਂ ਪਰਵਾਨ ਨਾ ਕੀਤਾ। ਮਹੀਂਵਾਲ ਨੂੰ ਚਾਕਰੀਓਂ ਜਵਾਬ ਮਿਲ ਗਿਆ ਅਤੇ ਸੋਹਣੀ ਨੂੰ ਉਨ੍ਹਾਂ ਗੁਜਰਾਤ ਦੇ ਇਕ ਹੋਰ ਘੁਮਾਰਾਂ ਦੇ ਮੁੰਡੇ ਨਾਲ ਵਿਆਹ ਦਿੱਤਾ।

ਸੋਹਣੀ ਮਹੀਂਵਾਲ ਲਈ ਤੜਪਦੀ ਰਹੀ, ਮਹੀਂਵਾਲ ਸੋਹਣੀ ਦੇ ਵੈਰਾਗ ਵਿਚ ਹੰਝੂ ਕੇਰਦਾ ਰਿਹਾ! ਝੂਠੀ ਲੋਕ ਲਾਜ ਨੇ ਦੋ ਪਿਆਰੇ ਵਿਛੋੜ ਦਿੱਤੇ, ਦੋ ਰੂਹਾਂ ਘਾਇਲ ਕਰ ਦਿੱਤੀਆਂ!

ਇਜ਼ਤ ਬੇਗੋਂ ਮਹੀਂਵਾਲ ਬਣਿਆ ਮਹੀਂਵਾਲ, ਮਹੀਂਵਾਲੋਂ ਫਕੀਰ ਬਣ ਗਿਆ ਤੇ ਗੁਜਰਾਤ ਤੋਂ ਵਜ਼ੀਰਾ ਬਾਦ ਦੇ ਪਾਸੇ ਇਕ ਮੀਲ ਦੀ ਦੂਰੀ ਤੇ ਦਰਿਆ ਦੇ ਪਾਰਲੇ ਕੰਢੇ ਝੁੱਗੀ ਜਾ ਪਾਈ।

ਸੋਹਣੀ ਹੁਣ ਅਪਣੇ ਸੁਹਰੇ ਘਰ ਰਹਿ ਰਹੀ ਸੀ ! ਇਕ ਦਿਨ ਫ਼ਕੀਰ ਬਣਿਆ ਮਹੀਂਵਾਲ ਸੋਹਣੀ ਨੂੰ ਜਾ ਮਿਲਿਆ ਤ ਉਨ੍ਹਾਂ ਹਰ ਰੋਜ਼ ਅੱਧੀ ਰਾਤ ਮਗ਼ਰੋਂ ਝਨਾ ਦੇ ਕੰਢੇ ਮਿਲਣਾ ਨੀਯਤ ਕਰ ਲਿਆ ।

ਅੱਧੀ ਰਾਤ ਗੁਜ਼ਰਦੀ, ਸੋਹਣੀ ਅਪਣੇ ਘਰਦਿਆਂ ਤੋਂ ਚੋਰੀ ਉਠਦੀ ਤੇ ਇਕ ਮੀਲ ਬੇਲੇ ਦੇ ਤਰਾਹ ਤਰਾਹ ਕਰ ਰਹੇ ਸੁਨਸਾਨ ਰਾਹਾਂ ਵਿਚੋਂ ਲੰਘਦੀ ਹੋਈ ਅਪਣੇ ਮਹੀਂਵਾਲ ਨੂੰ ਜਾ ਮਿਲਦੀ। ਮਹੀਂਵਾਲ ਪਾਰੋਂ ਕਾਲੀ ਬੋਲੀ ਰਾਤ ਵਿਚ ਝਨਾਂ ਪਾਰ ਕਰਕੇ ਆਉਂਦਾ ।

ਸਤਾਰਿਆਂ ਜੜੇ ਚੰਦੋਏ ਦੀ ਛਾਂ ਥੱਲੇ ਦੋ ਘਾਇਲ ਰੂਹਾਂ ਮਿਲਦੀਆਂ, ਪਿਆਰੀਆਂ, ਰਸ ਭਰੀਆਂ ਤੇ ਨਾ ਮੁਕਣ ਵਾਲੀਆਂ ਗੱਲਾਂ ਕਰਦੀਆਂ ।

ਇਕ ਰਾਤ ਝਨਾਂ ਪਾਰ ਕਰੇਂਦੇ ਮਹੀਂਵਾਲ ਦੇ ਤੰਦੂਏ ਨੇ ਚੱਕ ਮਾਰਿਆ ਤੇ ਉਹਦਾ ਪਟ ਚੀਰ ਸੁਟਿਆ । ਹੁਣ ਮਹੀਂਵਾਲ ਲਈ ਤੈਰਨਾ ਮੁਸ਼ਕਲ ਹੋ ਗਿਆ ਸੀ ।

ਅਗਲੀ ਰਾਤ ਸੋਹਣੀ ਅਪਣੇ ਨਾਲ ਮਿੱਟੀ ਦਾ ਪੱਕਾ ਘੜਾ ਲੈ ਗਈ । ਘੜੇ ਦੀ ਮਦਦ ਨਾਲ ਉਹਨੇ ਝਨਾਂ ਪਾਰ ਕੀਤਾ ਤੇ ਮਹੀਂਵਾਲ ਦੀ ਝੁੱਗੀ ਵਿਚ ਜਾ ਪੁੱਜੀ । ਮਹੀਂਵਾਲ ਸੋਹਣੀ ਨੂੰ ਮਿਲਕੇ ਅਪਣੀ ਪੀੜ ਭੁਲ ਗਿਆ, "ਤੈਨੂੰ ਪਾ ਕੇ, ਸੋਹਣੀਏਂ ਮੇਰਾ ਦੁਖ ਅੱਧਾ ਰਹਿ ਗਿਐ ! ਤੂੰ ਤਾਂ ਮਰਦਾਂ ਨਾਲੋਂ ਵੀ ਤਕੜੀ ਨਿਕਲੀ ਏਂ, ਐਡੀ ਕਾਲੀ ਬੋਲੀ ਰਾਤ ਵਿਚ ਐਡੇ ਵੱਡੇ ਦਰਿਆ ਨੂੰ ਪਾਰ ਕਰਨਾ ਇਕ ਔਰਤ ਲਈ ਬਹੁਤ ਵੱਡੀ ਗੱਲ ਏ......"

ਸੋਹਣੀ ਮਹੀਂਵਾਲ ਦੀ ਬੁੱਕਲ ਵਿਚ ਮਚਲ ਰਹੀ ਸੀ ।

"ਜਿਥੇ ਵੀ ਮੇਰਾ ਮਹੀਂਵਾਲ ਆਵਾਜ਼ ਮਾਰੇਗਾ, ਮੈਂ ਉਥੇ ਪੁੱਜਾਂਗੀ ! ਇਹ ਦਰਿਆ ਪਾਰ ਕਰਨਾ ਤਾਂ ਕੁਝ ਵੀ ਗਲ ਨਹੀਓਂ......!"

ਉਹ ਹਰ ਰੋਜ਼ ਦਰਿਆ ਪਾਰ ਕਰਕੇ ਮਹੀਂਵਾਲ ਪਾਸ ਜਾਂਦੀ ਅਤੇ ਆਉਂਦੀ ਹੋਈ ਘੜਾ ਸਰਕੜੇ ਦੇ ਇਕ ਬੂਝੇ ਵਿਚ ਲੁਕੋ ਦੇਂਦੀ !

ਸੋਹਣੀ ਦੇ ਹਰ ਰੋਜ਼ ਅੱਧੀ ਰਾਤੋਂ ਬਾਹਰ ਜਾਣ ਤੇ ਉਹਦੀ ਨਨਾਣ ਨੂੰ ਸ਼ਕ ਹੋ ਗਿਆ। ਇਕ ਦਿਨ ਉਹ ਵੀ ਸੋਹਣੀ ਦੇ ਮਗਰ ਟੁਰ ਪਈ। ਸੋਹਣੀ ਨੂੰ ਅਪਣੇ ਮਗਰ ਆਉਂਦੀ ਕਦਮਾਂ ਦੀ ਆਵਾਜ਼ ਵੀ ਸੁਣਾਈ ਦਿਤੀ ਪਰੰਤੂ ਉਹਨੇ ਆਪਣੇ ਹੀ ਕਦਮਾਂ ਦੀ ਵਾਜ ਦਾ ਭੁਲੇਖਾ ਜਾਣਕੇ ਗਲ ਆਈ ਗਈ ਕਰ ਛੱਡੀ ਸੋਹਣੀ ਦਰਿਆ ਤੇ ਪੁੱਜੀ, ਸਰਕੜੇ ਦੇ ਬੂਹੇ ਵਿਚੋਂ ਘੜਾ ਚੁਕਿਆ ਤੇ ਦਰਿਆ ਵਿਚ ਠਿਲ੍ਹ ਪਈ। ਉਹਦੀ ਨਨਾਣ ਦੂਰ ਖੜੀ ਸਭ ਕੁਝ ਤਕਦੀ ਰਹੀ ! ਸੋਹਣੀ ਕੁਝ ਸਮੇਂ ਮਗਰੋਂ ਵਾਪਸ ਪਰਤੀ ਤੇ ਘੜਾ ਉਸੇ ਥਾਂ ਤੇ ਲੁਕੋ ਦਿੱਤਾ। ਉਹਦੀ ਨਨਾਣ ਛੋਪਲੇ ਛੋਪਲੇ ਕਦਮੀਂ ਸੋਹਣੀ ਤੋਂ ਪਹਿਲੋਂ ਘਰ ਪੁਜ ਗਈ।

ਦਿਨੇ ਨਨਾਣ ਨੇ, ਆਪਣੀ ਮਾਂ ਨੂੰ, ਸੋਹਣੀ ਦੇ ਦਰਿਆ ਪਾਰ ਕਰਕੇ ਮਹੀਂਵਾਲ ਨੂੰ ਮਿਲਣ ਜਾਣ ਦੀ ਸਾਰੀ ਵਾਰਤਾ ਜਾ ਸੁਣਾਈ।

ਅੱਧੀ ਰਾਤ ਲੰਘੀ, ਸੋਹਣੀ ਉੱਠੀ! ਬਾਹਰ ਘੁਪ ਹਨੇਰਾ ਪਸਰਿਆ ਹੋਇਆ ਸੀ ! ਸਾਰੇ ਅਸਮਾਨਾਂ ਤੇ ਬੱਦਲ ਛਾਏ ਹੋਏ ਸਨ ! ਪੂਰੇ ਜ਼ੋਰ ਦਾ ਠੱਕਾ ਵਗ ਰਿਹਾ ਸੀ। ਸੋਹਣੀ ਨੇ ਦਰੋਂ ਬਾਹਰ ਪੈਰ ਰਖਿਆ ਹੀ ਸੀ ਕਿ ਬਿਜਲੀ ਕੜਕੜਾਈ। ਉਹਦਾ ਦਿਲ ਕੰਬ ਗਿਆ ਪਰੰਤੂ ਉਸ ਪੈਰ ਪਿੱਛੇ ਨਾ ਮੋੜੇ। ਉਹਦਾ ਮਹੀਂਵਾਲ ਉਹਨੂੰ ਉਡੀਕਦਾ ਪਿਆ ਸੀ .....ਦੂਰ ਪਾਰਲੇ ਕੰਢੇ ਉਹਦਾ ਇੰਤਜਾਰ ਕਰ ਰਿਹਾ ਸੀ। ਉਹ ਆਪਣਾ ਦਿਲ ਤਕੜਾ ਕਰਕੇ ਤੁਰ ਪਈ। ਰਾਹ ਨਜ਼ਰੀਂ ਨਹੀਂ ਪੈਂਦਾ। ਰਾਹ ਵਿਚ ਅਨੇਕਾਂ ਕੰਡੇ ਤੇ ਝਾੜੀਆਂ ਖਿੰਡੀਆਂ ਪਈਆਂ ਸਨ। ਉਹ ਡਿਗਦੀ ਢਿੰਹਦੀ, ਝਾੜੀਆ, ਝਾਫਿਆਂ ਵਿਚ ਫਸਦੀ ਲਹੂ ਲੁਹਾਣ ਹੋਈ ਝਨਾਂ ਦੇ ਕੰਢੇ ਤੇ ਪੁਜ ਗਈ। ਉਸ ਸਰਕੜੇ ਦੇ ਬੂਝੇ ਵਿੱਚੋਂ ਘੜਾ ਚੁਕ ਲਿਆ। ਘੜੇ ਨੂੰ ਉਸ ਆਪਣੀ ਆਦਤ ਅਨੁਸਾਰ ਟੁਣਕਾਕੇ ਵੇਖਿਆ, ਪਹਿਲੀ ਟੁਣਕਾਰ ਨਹੀਂ ਸੀ। ਆਹ ! ਕਿਸੇ ਪਾਪੀ ਨੇ ਪੱਕੇ ਦੀ ਥਾਂ ਕੱਚਾ ਰੱਖ ਦਿੱਤਾ ਸੀ ! ਮੁਹਬੱਤ ਨਵੇਂ ਇਮਤਿਹਾਨ ਵਿਚ ਪਾ ਦਿੱਤੀ ਸੀ।

ਪਾਰਲੇ ਕੰਢੇ ਮਹੀਂਵਾਲ ਦੀ ਝੁੱਗੀ ਵਿਚ ਦੀਵਾ ਟਿਮਟਮਾ ਰਿਹਾ ਸੀ ਤੇ ਮਹੀਂਵਾਲ ਸੁਰੀਲੀ ਬੰਸਰੀ ਦੀਆਂ ਤਾਨਾਂ ਤੇ ਪਿਆਰੇ ਬੋਲ ਗਾ ਰੋਂਦਾ ਪਿਆ ਸੀ।

ਸੋਹਣੀ ਹੁਣ ਅਪਣੇ ਸੁਹਰੇ ਘਰ ਰਹਿ ਰਹੀ ਸੀ ! ਇਕ ਦਿਨ ਫ਼ਕੀਰ ਬਣਿਆ ਮਹੀਂਵਾਲ ਸੋਹਣੀ ਨੂੰ ਜਾ ਮਿਲਿਆ ਤ ਉਨ੍ਹਾਂ ਹਰ ਰੋਜ਼ ਅੱਧੀ ਰਾਤ ਮਗ਼ਰੋਂ ਝਨਾ ਦੇ ਕੰਢੇ ਮਿਲਣਾ ਨੀਯਤ ਕਰ ਲਿਆ ।

ਅੱਧੀ ਰਾਤ ਗੁਜ਼ਰਦੀ, ਸੋਹਣੀ ਅਪਣੇ ਘਰਦਿਆਂ ਤੋਂ ਚੋਰੀ ਉਠਦੀ ਤੇ ਇਕ ਮੀਲ ਬੇਲੇ ਦੇ ਤਰਾਹ ਤਰਾਹ ਕਰ ਰਹੇ ਸੁਨਸਾਨ ਰਾਹਾਂ ਵਿਚੋਂ ਲੰਘਦੀ ਹੋਈ ਅਪਣੇ ਮਹੀਂਵਾਲ ਨੂੰ ਜਾ ਮਿਲਦੀ । ਮਹੀਂਵਾਲ ਪਾਰੋਂ ਕਾਲੀ ਬੋਲੀ ਰਾਤ ਵਿਚ ਝਨਾਂ ਪਾਰ ਕਰਕੇ ਆਉਂਦਾ ।

ਸਤਾਰਿਆਂ ਜੜੇ ਚੰਦੋਏ ਦੀ ਛਾਂ ਥੱਲੇ ਦੋ ਘਾਇਲ ਰੂਹਾਂ ਮਿਲਦੀਆਂ, ਪਿਆਰੀਆਂ, ਰਸ ਭਰੀਆਂ ਤੇ ਨਾ ਮੁਕਣ ਵਾਲੀਆਂ ਗੱਲਾਂ ਕਰਦੀਆਂ ।

ਇਕ ਰਾਤ ਝਨਾਂ ਪਾਰ ਕਰੇਂਦੇ ਮਹੀਂਵਾਲ ਦੇ ਤੰਦੂਏ ਨੇ ਚੱਕ ਮਾਰਿਆ ਤੇ ਉਹਦਾ ਪਟ ਚੀਰ ਸੁਟਿਆ । ਹੁਣ ਮਹੀਂਵਾਲ ਲਈ ਤੈਰਨਾ ਮੁਸ਼ਕਲ ਹੋ ਗਿਆ ਸੀ ।

ਅਗਲੀ ਰਾਤ ਸੋਹਣੀ ਅਪਣੇ ਨਾਲ ਮਿੱਟੀ ਦਾ ਪੱਕਾ ਘੜਾ ਲੈ ਗਈ । ਘੜੇ ਦੀ ਮਦਦ ਨਾਲ ਉਹਨੇ ਝਨਾਂ ਪਾਰ ਕੀਤਾ ਤੇ ਮਹੀਂਵਾਲ ਦੀ ਝੁੱਗੀ ਵਿਚ ਜਾ ਪੁੱਜੀ । ਮਹੀਂਵਾਲ ਸੋਹਣੀ ਨੂੰ ਮਿਲਕੇ ਅਪਣੀ ਪੀੜ ਭੁਲ ਗਿਆ, "ਤੈਨੂੰ ਪਾ ਕੇ, ਸੋਹਣੀਏਂ ਮੇਰਾ ਦੁਖ ਅੱਧਾ ਰਹਿ ਗਿਐ ! ਤੂੰ ਤਾਂ ਮਰਦਾਂ ਨਾਲੋਂ ਵੀ ਤਕੜੀ ਨਿਕਲੀ ਏਂ, ਐਡੀ ਕਾਲੀ ਬੋਲੀ ਰਾਤ ਵਿਚ ਐਡੇ ਵੱਡੇ ਦਰਿਆ ਨੂੰ ਪਾਰ ਕਰਨਾ ਇਕ ਔਰਤ ਲਈ ਬਹੁਤ ਵੱਡੀ ਗੱਲ ਏ......"

ਸੋਹਣੀ ਮਹੀਂਵਾਲ ਦੀ ਬੁੱਕਲ ਵਿਚ ਮਚਲ ਰਹੀ ਸੀ ।

"ਜਿਥੇ ਵੀ ਮੇਰਾ ਮਹੀਂਵਾਲ ਆਵਾਜ਼ ਮਾਰੇਗਾ, ਮੈਂ ਉਥੇ ਪੁੱਜਾਂਗੀ ! ਇਹ ਦਰਿਆ ਪਾਰ ਕਰਨਾ ਤਾਂ ਕੁਝ ਵੀ ਗਲ ਨਹੀਓਂ......!"

ਉਹ ਹਰ ਰੋਜ਼ ਦਰਿਆ ਪਾਰ ਕਰਕੇ ਮਹੀਂਵਾਲ ਪਾਸ ਜਾਂਦੀ ਅਤੇ ਆਉਂਦੀ ਹੋਈ ਘੜਾ ਸਰਕੜੇ ਦੇ ਇਕ ਬੂਝੇ ਵਿਚ ਲੁਕੋ ਦੇਂਦੀ !

ਸੋਹਣੀ ਦੇ ਹਰ ਰੋਜ਼ ਅੱਧੀ ਰਾਤੋਂ ਬਾਹਰ ਜਾਣ ਤੇ ਉਹਦੀ ਨਨਾਣ ਨੂੰ ਸ਼ਕ ਹੋ ਗਿਆ। ਇਕ ਦਿਨ ਉਹ ਵੀ ਸੋਹਣੀ ਦੇ ਮਗਰ ਟੁਰ ਪਈ। ਸੋਹਣੀ ਨੂੰ ਅਪਣੇ ਮਗਰ ਆਉਂਦੀ ਕਦਮਾਂ ਦੀ ਆਵਾਜ਼ ਵੀ ਸੁਣਾਈ ਦਿੱਤੀ ਪਰੰਤੂ ਉਹਨੇ ਆਪਣੇ ਹੀ ਕਦਮਾਂ ਦੀ ਵਾਜ ਦਾ ਭੁਲੇਖਾ ਜਾਣਕੇ ਗਲ ਆਈ ਗਈ ਕਰ ਛੱਡੀ ਸੋਹਣੀ ਦਰਿਆ ਤੇ ਪੁੱਜੀ, ਸਰਕੜੇ ਦੇ ਬੂਹੇ ਵਿਚੋਂ ਘੜਾ ਚੁਕਿਆ ਤੇ ਦਰਿਆ ਵਿਚ ਠਿਲ੍ਹ ਪਈ। ਉਹਦੀ ਨਨਾਣ ਦੂਰ ਖੜੀ ਸਭ ਕੁਝ ਤਕਦੀ ਰਹੀ! ਸੋਹਣੀ ਕੁਝ ਸਮੇਂ ਮਗਰੋਂ ਵਾਪਸ ਪਰਤੀ ਤੇ ਘੜਾ ਉਸੇ ਥਾਂ ਤੇ ਲੁਕੋ ਦਿੱਤਾ। ਉਹਦੀ ਨਨਾਣ ਛੋਪਲੇ ਛੋਪਲੇ ਕਦਮੀਂ ਸੋਹਣੀ ਤੋਂ ਪਹਿਲੋਂ ਘਰ ਪੁਜ ਗਈ।

ਦਿਨੇ ਨਨਾਣ ਨੇ, ਆਪਣੀ ਮਾਂ ਨੂੰ, ਸੋਹਣੀ ਦੇ ਦਰਿਆ ਪਾਰ ਕਰਕੇ ਮਹੀਂਵਾਲ ਨੂੰ ਮਿਲਣ ਜਾਣ ਦੀ ਸਾਰੀ ਵਾਰਤਾ ਜਾ ਸੁਣਾਈ।

ਅੱਧੀ ਰਾਤ ਲੰਘੀ, ਸੋਹਣੀ ਉੱਠੀ! ਬਾਹਰ ਘੁਪ ਹਨੇਰਾ ਪਸਰਿਆ ਹੋਇਆ ਸੀ! ਸਾਰੇ ਅਸਮਾਨਾਂ ਤੇ ਬੱਦਲ ਛਾਏ ਹੋਏ ਸਨ! ਪੂਰੇ ਜ਼ੋਰ ਦਾ ਠੱਕਾ ਵਗ ਰਿਹਾ ਸੀ। ਸੋਹਣੀ ਨੇ ਦਰੋਂ ਬਾਹਰ ਪੈਰ ਰਖਿਆ ਹੀ ਸੀ ਕਿ ਬਿਜਲੀ ਕੜਕੜਾਈ। ਉਹਦਾ ਦਿਲ ਕੰਬ ਗਿਆ ਪਰੰਤੂ ਉਸ ਪੈਰ ਪਿੱਛੇ ਨਾ ਮੋੜੇ। ਉਹਦਾ ਮਹੀਂਵਾਲ ਉਹਨੂੰ ਉਡੀਕਦਾ ਪਿਆ ਸੀ.....ਦੂਰ ਪਾਰਲੇ ਕੰਢੇ ਉਹਦਾ ਇੰਤਜ਼ਾਰ ਕਰ ਰਿਹਾ ਸੀ। ਉਹ ਆਪਣਾ ਦਿਲ ਤਕੜਾ ਕਰਕੇ ਤੁਰ ਪਈ। ਰਾਹ ਨਜ਼ਰੀਂ ਨਹੀਂ ਪੈਂਦਾ। ਰਾਹ ਵਿਚ ਅਨੇਕਾਂ ਕੰਡੇ ਤੇ ਝਾੜੀਆਂ ਖਿੰਡੀਆਂ ਪਈਆਂ ਸਨ। ਉਹ ਡਿਗਦੀ ਢਹਿੰਦੀ, ਝਾੜੀਆ, ਝਾੜਿਆਂ ਵਿਚ ਫਸਦੀ ਲਹੂ ਲੁਹਾਣ ਹੋਈ ਝਨਾਂ ਦੇ ਕੰਢੇ ਤੇ ਪੁਜ ਗਈ। ਉਸ ਸਰਕੜੇ ਦੇ ਬੂਝੇ ਵਿੱਚੋਂ ਘੜਾ ਚੁਕ ਲਿਆ। ਘੜੇ ਨੂੰ ਉਸ ਆਪਣੀ ਆਦਤ ਅਨੁਸਾਰ ਟੁਣਕਾਕੇ ਵੇਖਿਆ, ਪਹਿਲੀ ਟੁਣਕਾਰ ਨਹੀਂ ਸੀ। ਆਹ! ਕਿਸੇ ਪਾਪੀ ਨੇ ਪੱਕੇ ਦੀ ਥਾਂ ਕੱਚਾ ਰੱਖ ਦਿੱਤਾ ਸੀ! ਮੁਹੱਬਤ ਨਵੇਂ ਇਮਤਿਹਾਨ ਵਿਚ ਪਾ ਦਿੱਤੀ ਸੀ।

ਪਾਰਲੇ ਕੰਢੇ ਮਹੀਂਵਾਲ ਦੀ ਝੁੱਗੀ ਵਿਚ ਦੀਵਾ ਟਿਮਟਮਾ ਰਿਹਾ ਸੀ ਤੇ ਮਹੀਂਵਾਲ ਸੁਰੀਲੀ ਬੰਸਰੀ ਦੀਆਂ ਤਾਨਾਂ ਤੇ ਪਿਆਰੇ ਬੋਲ ਗਾ ਰਹਿੰਦਾ ਪਿਆ ਸੀ।

ਉਰਲੇ ਕੰਢੇ ਸੋਹਣੀ ਕੱਚਾ ਘੜਾ ਚੁੱਕੀ ਸੋਚਾਂ ਵਿਚ ਡੁੱਬੀ ਖੜੀ ਸੀ। ਵਿਚਕਾਰ ਦਰਿਆ ਪੂਰੇ ਸਿਖਰ ਤੇ ਸੀ। ਅਸਮਾਨਾਂ ਤੇ ਕਹਿਰਾਂ ਦੀ ਬਿਜਲੀ ਲਿਸ਼ਕ ਰਹੀ ਸੀ।

"ਕੀ ਹੋਇਆ ਘੜਿਆ ਤੂੰ ਪੱਕਿਓਂ ਕੱਚਾ ਬਣ ਗਿਓਂ! ਮੈਂ ਪਿੱਛਾਂ ਨਹੀਂ ਪਰਤਾਂਗੀ, ਅਪਣਾ ਕੌਲ ਪੂਰਾ ਕਰਾਂਗੀ। ਮੈਂ ਮਰਦ ਜ਼ਾਤ ਪਾਸੋਂ ਇਹ ਉਲਾਂਭਾ ਨਹੀਂ ਖੱਟਾਂਗੀ ਕਿ ਇਕ ਤੀਵੀਂ ਨੇ ਆਪਣਾ ਕੌਲ ਪੂਰਾ ਨਹੀਂ ਕੀਤਾ। ਮੈਂ ਆਪਣੀ ਵਫ਼ਾ ਨਿਭਾਵਾਂਗੀ, ਚਾਹੇ ਮੈਨੂੰ ਅਪਣੀ ਜਿੰਦ ਵੀ ਕਿਉਂ ਨਾਂ ਵਾਰਨੀ ਪੈ ਜਾਵੇ......

ਸੋਹਣੀ ਨੇ ਸੱਚੇ ਰੱਬ ਅੱਗੇ ਅਪਣੇ ਦੋਨੋ ਹੱਥ ਜੋੜੇ ਤੇ ਕੱਚੇ ਘੜੇ ਨਾਲ ਦਰਿਆ ਵਿਚ ਠਿਲ੍ਹ ਪਈ :

ਰਾਤ ਹਨੇਰੀ ਲਿਸ਼ਕਣ ਤਾਰੇ
ਕੱਚੇ ਘੜੇ ਤੇ ਮੈਂ ਤਰਦੀ
ਵੇਖੀਂ ਰੱਬਾ ਖੈਰ ਕਰੀਂ
ਤੇਰੀ ਆਸ ਤੇ ਮੂਲ ਨਾਂ ਡਰਦੀ।

ਮੂੰਹ ਜ਼ੋਰ ਪਾਣੀਆਂ ਅੱਗੇ ਕੱਚਿਆਂ ਨੇ ਕਿੱਥੋਂ ਠਹਿਰਨਾ ਹੋਇਆ। ਸੋਹਣੀ ਅਜੇ ਥੋਹੜੀ ਦੂਰ ਹੀ ਗਈ ਸੀ ਕਿ ਘੜਾ ਖੁਰ ਗਿਆ। ਉਹ ਅਪਣੇ ਹੱਥ ਪੈਰ ਮਾਰਨ ਲੱਗੀ.. ਹੋਰ ਕੁਝ ਗਜ਼ ਵਧੀ.. ਕਹਿਰਾਂ ਦਾ ਪਾਣੀ ਵਗ ਰਿਹਾ ਸੀ! ਉਹਦਾ ਸਾਹ ਟੁਟਣ ਲੱਗਾ...।

"ਮਹੀਂਵਾਲਾ ਮਹੀਂਵਾਲਾ...ਆ ਮਿਲ ਲੈ ਮਹੀਂਵਾਲਾ..." ਤੇ ਸੋਹਣੀ ਦੀ ਆਵਾਜ਼ ਗੁਆਚ ਗਈ। ਪਾਣੀ ਦੀ ਇਕ ਤੇਜ਼ ਲਹਿਰ ਉਹਨੂੰ ਆਪਣੇ ਨਾਲ ਵਹਾਕੇ ਲੈ ਗਈ।

ਬੜੇ ਜ਼ੋਰਾਂ ਦੀ ਬਿਜਲੀ ਕੜਕੀ। ਬਿਜਲੀ ਦੇ ਲਿਸ਼ਕਾਰੇ ਵਿਚ ਮਹੀਂਵਾਲ ਨੂੰ ਪਾਣੀਆਂ ਨਾਲ ਘੋਲ ਕਰੇਂਦੀ ਸੋਹਣੀ ਵਖਾਈ ਦਿੱਤੀ।

"ਸੋਹਣੀਏਂ ਦਿਲ ਨਾ ਛੱਡੀਂ, ਮੈਂ ਆਇਆ।" ਮਹੀਂਵਾਲ ਨੇ ਆਪਣੇ ਪੂਰੇ ਜ਼ੋਰ ਨਾਲ ਆਵਾਜ਼ ਮਾਰੀ ਅਤੇ ਦਰਿਆ ਵਿਚ ਛਾਲ ਮਾਰ ਦਿੱਤੀ।

ਉਹ ਮੁਸ਼ਕਲ ਨਾਲ ਝਨਾਂ ਦੇ ਅਧ ਵਿਚਕਾਰ ਪੁਜਿਆਂ ਸੀ ਕਿ ਉਹਨੇ ਬਿਜਲੀ ਦੇ ਲਿਸ਼ਕਾਰੇ ਵਿਚ ਅਪਣੇ ਤੋਂ ਚੰਦ ਕਦਮਾਂ ਦੀ ਦੂਰੀ ਤੇ ਰੁੜੀ ਜਾਂਦੀ ਸੋਹਣੀ ਤੱਕੀ। ਉਹਨੇ ਬੜੇ ਜ਼ੋਰਾਂ ਦੇ ਹੱਥ ਮਾਰੇ ਤੇ ਬੇਸੁਰਤ ਸੋਹਣੀ ਫੜੀ ਲਈ ਅਤੇ ਅਪਣੇ ਕਲਾਵੇ ਵਿਚ ਲੈਕੇ ਕੰਢੇ ਵਲ ਨੂੰ ਵਧਣ ਲੱਗਾ। ਦਰਿਆ ਅਜ ਪੂਰਾ ਚੜ੍ਹਿਆ ਹੋਇਆ ਸੀ। ਉਹਦੀ ਕੋਈ ਪੇਸ਼ ਨਾ ਸੀ ਜਾ ਰਹੀ। ਪੂਰਾ ਅੱਧਾ ਦਰਿਆ ਅਜੇ ਉਸ ਪਾਰ ਕਰਨਾ ਸੀ। ਉਸ ਬੜੀ ਕੋਸ਼ਸ਼ ਕੀਤੀ ਪਰੰਤੂ ਉਹਦਾ ਸਾਹ ਅਧ ਵਿਚਕਾਰ ਟੁਟ ਗਿਆ। ਪਾਣੀ ਦੀ ਇਕ ਕਹਿਰਾਂ ਭਰੀ ਲਹਿਰ ਉਹਨੂੰ ਸੋਹਣੀ ਸਮੇਤ ਵਹਾ ਕੇ ਲੈ ਗਈ।

ਮਹੀਂਵਾਲ ਦੀ ਝੁਗੀ ਵਿਚ ਟਿਮਟਮਾਂਦਾਂਦੀਵਾਂ ਚਰੋਕਣਾ ਬੁਝ ਚੁਕਾ ਸੀ।

# ਮਿਰਜ਼ਾ ਸਾਹਿਬਾਂ

ਤੇਰੀ ਮੇਰੀ ਲੱਗੀ ਦੋਸਤੀ
ਪੜਦਾ ਨਾਲ ਪਿਆਰਾ
ਸਾਹਿਬਾਂ ਨਾਲ ਲੜਾਵੇ ਨੇਤਰ
ਕਹਿੰਦੇ ਲੋਕ ਹਜ਼ਾਰਾਂ
ਮਿਰਜ਼ੇ ਯਾਰ ਦੀਆਂ
ਘਰ ਘਰ ਛਿੜੀਆਂ ਵਾਰਾਂ

(ਲੋਕ-ਗੀਤ)

ਮਿਰਜ਼ਾ ਮਸੀਂ ਪੰਜ ਕੁ ਸਾਲਾਂ ਦਾ ਹੋਇਆ ਸੀ ਕਿ ਉਹਦੇ ਬਾਪ ਬਿੰਜਲ ਦੀ ਮੌਤ ਹੋ ਗਈ। ਬਿੰਜਲ ਖਰਲਾਂ ਦਾ ਸਰਦਾਰ, ਦਾਨਾਂ ਬਾਦ ਦੇ ਰਾਵੀ ਦੇ ਇਲਾਕੇ ਦਾ ਚੌਧਰੀ ਸੀ। ਚੌਧਰੀ ਦੀ ਕੁਵੇਲੇ ਦੀ ਮੌਤ ਸਾਰੇ ਇਲਾਕੇ ਲਈ ਸੋਗ ਬਣ ਗਈ। ਮਿਰਜ਼ੇ ਦੀ ਮਾਂ ਖੀਵੀ ਦਾ ਸੰਸਾਰ ਜਿਵੇਂ ਸੁੰਨਾ ਹੋ ਗਿਆ ਹੋਵੇ ! ਉਸ ਨੂੰ ਗਸ਼ਾਂ ਤੇ ਗਸ਼ਾਂ ਪੈਂਦੀਆਂ ਰਹੀਆਂ। ਇਆਣੀਆਂ ਤ੍ਰੀਮਤਾਂ ਉਸ ਨੂੰ ਦਿਲਬਰੀਆਂ ਦੇਂਦੀਆਂ ਰਹੀਆਂ. ਢਾਰਸਾਂ ਬਨ੍ਹਾਂਉਂਦੀਆਂ ਰਹੀਆਂ।

ਮਿਰਜ਼ੇ ਦੇ ਜਵਾਨ ਹੋਣ ਦੀ ਆਸ ਖੀਵੀ ਲਈ ਬਿੰਜਲ ਦੀ ਮੌਤ ਨੂੰ ਭੁਲ ਜਾਣ ਦਾ ਸਾਹਸ ਦੇਣ ਲੱਗੀ।

ਮਿਰਜ਼ੇ ਦਾ ਮਾਮਾ ਖੀਵਾ ਖਾਨ ਉਹਨੂੰ ਆਪਣੇ ਪਿੰਡ ਖੀਵੇ ਲੈ ਆਇਆ। ਖੀਵੇ ਦੇ ਘਰ ਕਿਸੇ ਗਲ ਦੀ ਤੋਟ ਨਾ ਸੀ। ਉਹ ਝੰਗ ਸਿਆਲ ਦਾ ਚੌਧਰੀ ਸੀ। ਅਪਣੀ ਭੈਣ ਦੀ ਕਿਸੇ ਨਾ ਕਿਸੇ ਪਜ ਬਹਾਨੇ ਮਦਦ ਕਰਨੀ, ਉਹ ਅਪਣਾ ਫਰਜ਼ ਸਮਝਦਾ ਸੀ। ਮਿਰਜ਼ੇ ਦੀ ਪਾਲਣਾ ਉਹਨੇ ਆਪਣੇ ਜ਼ਿੰਮੇ ਲੈ ਲਈ।

ਕੁਝ ਵਰ੍ਹੇ ਹੋਏ ਖੀਵੇ ਖਾਨ ਦੀ ਘਰ ਵਾਲੀ ਦੋ ਪੁੱਤਰ ਤੇ ਇਕ ਧੀ ਛੱਡ ਕੇ ਮਰ ਗਈ। ਤੇ ਹੁਣ ਉਹਨੇ ਪਿਛਲੇ ਵਰ੍ਹੇ ਦੂਜਾ ਵਿਆਹ ਕਰਵਾ ਲਿਆ

ਸੀ। ਪਹਿਲੀ ਤੀਵੀਂ ਦੀ ਸਭ ਤੋਂ ਛੋਟੀ ਧੀ ਸਾਹਿਬਾਂ ਮਿਰਜ਼ੇ ਦੀ ਹਾਨਣ ਸੀ। ਮਿਰਜ਼ੇ ਦਾ ਜੀ ਪਰਚਾਣ ਨੂੰ ਸਾਹਿਬਾਂ ਤੋਂ ਪਿਆਰਾ ਸਾਥ ਹੋਰ ਕਿਹੜਾ ਹੋ ਸਕਦਾ ਸੀ। ਪਲਾਂ ਵਿਚ ਦੋ ਪਿਆਰੇ ਬਾਲ ਇਕ ਮਿਕ ਹੋ ਗਏ। ਤੇ ਸਭ ਕੁਝ ਭੁਲ ਭੁਲਾਕੇ ਬਾਲ ਖੇਡਾਂ ਵਿਚ ਰੁਝ ਗਏ।

ਦੋਨਾਂ ਨੂੰ ਮਸੀਤੇ ਕਾਜ਼ੀ ਪਾਸ ਪੜਨੇ ਪਾ ਦਿੱਤਾ ਗਿਆ! ਦਿਨਾਂ ਦੇ ਦਿਨ ਮਹੀਨਿਆਂ ਦੇ ਮਹੀਨੇ ਵਰ੍ਹਿਆਂ ਦੇ ਵਰ੍ਹੇ ਗੁਜ਼ਰਦੇ ਰਹੇ। ਮਿਰਜ਼ਾ ਸਾਹਿਬਾਂ ਇਕ ਪਲ ਲਈ ਵੀ ਇਕ ਦੂਜੇ ਤੋਂ ਜੁਦਾ ਨਾ ਹੁੰਦੇ, ਕੱਠੇ ਪੜ੍ਹਦੇ, ਕੱਠੇ ਖੇਡਦੇ।

ਸਾਹਿਬਾਂ ਮੁਟਿਆਰ ਹੋਣ ਲੱਗੀ।

ਮਿਰਜ਼ਾ ਜਵਾਨ ਹੋਣ ਲੱਗਾਂ।

ਜੇ ਮਿਰਜ਼ੇ ਨੂੰ ਕੋਈ ਗੁਲਾਬ ਦਾ ਫੂਲ ਸਦਦਾ ਤਾਂ ਸਾਹਿਬਾਂ ਨੂੰ ਚੰਬੇ ਦੀ ਕਲੀ ਆਖਦਾ। ਸਾਹਿਬਾਂ ਦੇ ਤੁਲ ਪਿੰਡ ਵਿਚ ਕੋਈ ਹੋਰ ਮੁਟਿਆਰ ਨਾ ਸੀ ਵਖਾਈ ਦੇਂਦੀ ਤੇ ਮਿਰਜ਼ੇ ਦੇ ਮੁਕਾਬਲੇ ਦਾ ਕੋਈ ਗਭਰੂ ਨਜ਼ਰ ਨਹੀਂ ਸੀ ਆਉਂਦਾ। ਬਚਪਨ ਦੀ ਮੁਹੱਬਤ ਮੁਟਿਆਰ ਹੋ ਗਈ। ਮਿਰਜ਼ਾ ਸਾਹਿਬਾਂ ਨੂੰ ਚੰਗਾ ਲੱਗਦਾ ਸੀ ਤੇ ਸਾਹਿਬਾਂ ਮਿਰਜ਼ੇ ਨੂੰ ਪਿਆਰੀ ਲੱਗਦੀ ਸੀ। ਦੋਨੋ ਇਕ ਦੂਜੇ ਦੇ ਸਦੱਕੜੇ ਜਾਂਦੇ ਸਨ।

ਦੋ ਜਵਾਨੀਆਂ ਦਾ ਇਕ ਦੂਜੇ ਨੂੰ ਚੰਗਾ ਲਗਣਾ, ਬੇਮੁਹਬਤੇ ਸਮਾਜ ਨੂੰ ਚੰਗਾ ਨਾ ਲੱਗਾ। ਉਨ੍ਹਾਂ ਮਿਰਜ਼ੇ ਸਾਹਿਬਾਂ ਦੀ ਮੁਹੱਬਤ ਨੂੰ ਨਿੰਦਣਾ ਸ਼ੁਰੂ ਕਰ ਦਿੱਤਾ।

''ਮਿਰਜ਼ਿਆ ਪਤਾ ਨਹੀਂ ਕਿਉਂ ਇਹ ਲੋਕੀ ਸਾਨੂੰ ਵੇਖ ਕੇ ਸੜਦੇ ਨੇ। ਸਾਡੀ ਪਾਕ ਮੁਹਬੱਤ ਨੂੰ ਊਜਾਂ ਲਾਉਂਦੇ ਨੇ!''

''ਸਾਹਿਬਾਂ ਇਹ ਲੋਕੀ ਕੀ ਜਾਨਣ! ਸਾਡੀ ਬਚਪਨ ਦੀ ਮੁਹੱਬਤ 'ਚ ਕੋਈ ਫ਼ਰਕ ਨਹੀਂ ਪਿਆ—ਅਸੀਂ ਬਚਪਨ 'ਚ ਮੁਹੱਬਤ ਕਰਦੇ ਰਹੇ—ਉਦੋਂ ਕਿਸੇ ਸਾਡੀ ਕੋਈ ਗਲ ਨਹੀਂ ਜੋੜੀ ਤੇ ਅਜ——''

"ਮਿਰਜ਼ਿਆ, ਉਦੋਂ ਅਸੀਂ ਬੱਚੇ ਸਾਂ। ਇਹ ਸਮਾਜ ਜਵਾਨ ਮੁਹਬੱਤਾਂ ਨੂੰ ਵੇਖ ਕੇ ਸੜਦੈ। ਮੁਟਿਆਰ ਪ੍ਰੀਤਾਂ ਦੇ ਰਾਹਾਂ ਵਿਚ ਕੰਡਿਆਲੀਆਂ ਰਸਮਾਂ ਦੇ ਕੋਟ ਉਸਾਰਨ ਵਿਚ ਫ਼ਖਰ ਅਨੁਭਵ ਕਰਦੈ। ਮਿਰਜ਼ਿਆ ਇਹ ਲੋਕੀ ਕੁਝ ਵੀ ਪਏ ਆਖਣ। ਤੂੰ ਮੇਰੀਆਂ ਨਜ਼ਰਾਂ 'ਚ ਰੱਬੀ ਨੂਰ ਏਂ, ਮੇਰੀ ਜ਼ਿੰਦਗੀ ਦਾ ਚਾਨਣ ਏਂ।"

"ਸਾਹਿਬਾਂ ਤੂੰ ਮੇਰਾ ਸਭ ਕੁਝ ਏਂ ਮੇਰੀ ਜਿੰਦ ਤੂੰ ਹੀ ਏਂ, ਮੇਰੀ ਜਾਨ ਤੂੰ ਹੀ ਏਂ!"

ਸਾਹਿਬਾਂ ਦੀ ਮਤਰੇਈ ਮਾਂ ਨੂੰ ਮਿਰਜ਼ਾ ਸਾਹਿਬਾਂ ਦਾ ਖਿੜ ਖਿੜ ਹਸਣਾ, ਮਿਲ ਬੈਠਣਾ ਚੰਗਾ ਨਾ ਸੀ ਲਗਦਾ। ਉਹਨੇ ਖੀਵੇ ਖਾਨ ਅੱਗੇ ਉਨ੍ਹਾਂ ਬਾਰੇ ਕਈ ਨਾ ਲਾਉਣ ਵਾਲੀਆਂ ਊਜਾਂ ਲਾਈਆਂ ਤੇ ਉਸ ਦੇ ਮਨ ਵਿਚ ਇਸ ਪਿਆਰ ਵਿਚ ਲੀਨ ਹੋਈਆਂ ਜਵਾਨੀਆਂ ਬਾਰੇ ਕਈ ਸ਼ੰਕੇ ਪੈਦਾ ਕਰ ਦਿੱਤੇ ਤੇ ਮਿਰਜ਼ਾ ਸਾਹਿਬਾਂ ਦੀ ਮਸਤਾ ਵਿਚ ਮੁਗਧ ਹੋਏ ਉਹਦੇ ਦਿਲ ਵਿਚ ਕਾਂਜੀ ਘੋਲ ਦਿੱਤੀ।

ਤੇ ਹੁਣ ਖੀਵੇ ਨੂੰ ਮਿਰਜ਼ਾ ਸਾਹਿਬਾਂ ਦਾ ਹੱਸਣਾ, ਖੇਡਣਾ, ਉਠਣਾ ਬੈਠਣਾ ਪਹਿਲਾਂ ਵਰਗਾ ਨਿੱਘ ਨਹੀਂ ਸੀ ਦੇਂਦਾ। ਉਸ ਪਾਸੋਂ ਲਾਡਾਂ ਮਲ੍ਹਾਰਾਂ ਦੀਆਂ ਗੱਲਾਂ ਨਹੀਂ ਸੀ ਕਰਵਾਉਂਦਾ। ਉਸ ਆਪਣੀ ਭੈਣ ਦਾਨਾਬਾਦ ਤੋਂ ਮੰਗਵਾ ਲਈ ਤੇ ਮਿਰਜ਼ੇ ਨੂੰ ਉਹਦੇ ਨਾਲ ਤੋਰ ਦਿੱਤਾ।

ਸਾਹਿਬਾਂ ਤੋਂ ਵਿਛੜ ਜਾਣਾ ਮਿਰਜ਼ੇ ਲਈ ਸੁਖੇਰਾ ਨਹੀਂ ਸੀ। ਉਹਦਾ ਸੱਕਾ ਮਾਮਾ ਉਹਦੇ ਨਾਲ ਇਸ ਤਰ੍ਹਾਂ ਦਾ ਵਰਤਾਓ ਕਰੇਗਾ? ਮਿਰਜ਼ੇ ਨੂੰ ਇਹਦਾ ਚਿਤ ਚੇਤਾ ਵੀ ਨਹੀਂ ਸੀ। ਮਿਰਜ਼ੇ ਨੇ ਦਿਲ ਤੇ ਪਥਰ ਰਖ ਲਿਆ ਤੇ ਉਹ ਸਾਹਿਬਾਂ ਦੀ ਯਾਦ ਦੇ ਸਹਾਰੇ ਅਪਣੇ ਪਿੰਡ ਦਾਨਾਬਾਦ ਆ ਗਿਆ।

ਮਿਰਜ਼ੇ ਦੇ ਕੁਸ਼ਤੀ ਕਰਨ, ਨੇਜ਼ਾਬਾਜ਼ੀ ਤੇ ਸ਼ਿਕਾਰ, ਆਦਿ ਖੇਡਣ ਦੇ ਸ਼ੌਕ ਵੀ ਉਹਦੇ ਮਨ ਨੂੰ ਸਾਹਿਬਾਂ ਵਲੋਂ ਨਾ ਮੋੜ ਸਕੇ। ਸਾਹਿਬਾਂ ਨਾਲ ਬਿਤਾਏ ਦਿਨਾਂ ਦੀਆਂ ਯਾਦਾਂ ਮਿਰਜ਼ੇ ਲਈ ਆਫਤਾਂ ਖੜੀਆਂ ਕਰ ਦਿੰਦੀਆਂ। ਉਹਦਾ ਦਿਲ ਕਰਦਾ ਕਿ ਉਹ ਉਡ ਕੇ ਸਾਹਿਬ ਪਾਸ ਪੁਜ ਜਾਵੇ। ਪਰੰਤੂ ਉਹ ਅਜਿਹਾ ਨਾ

ਕਰ ਸਕਦਾ। ਉਹਦੀ ਮਾਂ ਦਿਆਂ ਨੈਣਾਂ ਵਿਚ ਛਲਕਦੇ ਅਥਰੂ ਉਹਦਾ ਰਾਹ ਰੋਕ ਲੈਂਦੇ।

ਮਿਰਜ਼ੇ ਬਿਨਾਂ ਸਾਹਿਬਾਂ ਦਾ ਜਹਾਨ ਸੁੰਨਾ ਹੋ ਗਿਆ। ਉਹ ਬੜੀ ਰੁੰਨੀ ਸਹੇਲੀਆਂ ਢਾਰਸਾਂ ਬਨ੍ਹਾਈਆਂ। ਮਤਰੇਈ ਮਾਂ ਦੇ ਨਿਤ ਦੇ ਤਾਹਨੇ ਉਹਨੂੰ ਛਲਣੀ ਕਰਨ ਲੱਗੇ।

ਤੇ ਖੀਵਾ ਖਾਨ ਸਾਹਿਬਾਂ ਦੀ ਮੰਗਣੀ ਚੰਧੜਾਂ ਦੇ ਇਕ ਮੁੰਡੇ ਨਾਲ ਕਰ ਆਇਆ ਤੇ ਵਿਆਹ ਦੇ ਦਿਨ ਵੀ ਧਰ ਦਿੱਤੇ। ਜਦੋਂ ਅਪਣੇ ਮੰਗਣੇ ਅਤੇ ਵਿਆਹ ਦੀ ਕਨਸੋ ਸਾਹਿਬਾਂ ਦੇ ਕੰਨੀ ਪਈ ਤਾਂ ਉਹ ਤੜਪ ਉੱਠੀ, ਹਨੇਰਾ ਉਹਦੀਆਂ ਅੱਖਾਂ ਅੱਗੇ ਛਾ ਗਿਆ। ਉਹ ਸਾਰੀ ਰਾਤ ਰਜਾਈ ਵਿਚ ਮੂੰਹ ਦਈ ਡੁਸਕਦੀ ਰਹੀ, ਹਟਕੋਰੇ ਭਰਦੀ ਰਹੀ, ਅਪਣੇ ਧੁੰਧਲੇ ਭਵਿਖ ਬਾਰੇ ਸੋਚਦੀ ਰਹੀ ਅਤੇ ਅਪਣੀਆਂ ਮੁਟਿਆਰ ਹੋਈਆਂ ਸਧਰਾਂ ਤੇ ਗੜੇਮਾਰ ਹੁੰਦੀ ਉਹ ਮਹਿਸੂਸ ਕਰਦੀ ਰਹੀ !

ਦੂਜੀ ਭਲਕ ਸਾਹਿਬਾਂ ਨੇ ਆਪਣੇ ਪਿੰਡ ਦੇ ਕਰਮੂ ਪਰੋਹਤ ਕੋਲ ਮਿਰਜ਼ੇ ਲਈ ਸੁਨੇਹਾ ਘਲ ਦਿੱਤਾ :

"ਮਿਰਜ਼ਿਆ ਅਗਲਿਆਂ ਕਸਰ ਨਹੀਂ ਜੇ ਛੱਡੀ। ਮੇਰੇ ਵਿਆਹ ਦੇ ਦਿਨ ਧਰ ਦਿਤੇ ਨੇ। ਜੇ ਤੈਨੂੰ ਮੇਰੇ ਨਾਲ ਪਿਆਰ ਹੈ ਤਾਂ ਸੱਭੋ ਕੰਮ ਛਡ ਕੇ ਵਿਆਹ ਤੋਂ ਪਹਿਲੋਂ ਆ ਕੇ ਮਿਲ ? ਮੈਨੂੰ ਤੇਰੇ ਬਿਨਾਂ ਚੈਨ ਨਹੀਂ ਆਉਂਦਾ ਪਿਆ। ਜੇ ਤੂੰ ਨਾ ਆਇਓਂ ਤਾਂ ਮੇਰਾ ਨਿਕਾਹ ਮੇਰੀ ਲਾਸ਼ ਨਾਲ ਹੀ ਹੋਵੇਗਾ।"

ਸਾਹਿਬਾਂ ਦਾ ਸੁਨੇਹਾ ਮਿਲਦੇ ਸਾਰ ਹੀ ਮਿਰਜ਼ਾ ਤੜਪ ਉਠਿਆ ! ਉਹਦੇ ਡੌਲੇ ਫਰਕ ਉਠੇ। ਉਸ ਆਪਣਾ ਤੀਰਾਂ ਦਾ ਤਰਕਸ਼, ਕਮਾਣ ਤੇ ਨੇਜ਼ਾ ਸੰਭਾਲਿਆ ਅਪਣੀ ਪਿਆਰੀ ਬੱਕੀ ਸ਼ਿੰਗਾਰੀ ਤੇ ਝੰਗ ਨੂੰ ਟੁਰਨ ਲਈ ਤਿਆਰ ਹੋ ਗਿਆ। ਉਹਦੀ ਮਾਂ ਨੇ ਘੋੜੀ ਦੀ ਵਾਗ ਜਾ ਫੜੀ, "ਪੁਤਰਾ ਮਿਰਜ਼ਿਆ ਘਰ ਭੈਣ ਦੀ ਬਰਾਤ ਢੁਕਣ ਵਾਲੀ ਹੈ ਤੇ ਤੂੰ ਘਰੋਂ ਟੁਰ ਪਿਐਂ।" ਤੇ ਖੀਵੀ ਦੀਆਂ ਅੱਖਾਂ ਵਿੱਚੋਂ ਮਮਤਾ ਦੇ ਅਥਰੂ ਵਗ ਟੁਰੇ।

''ਮਾਂ ਜੇ ਅਜ ਮੈਂ ਝੰਗ ਨਾ ਅਪੜਿਆ ਤਾਂ ਸਾਹਿਬਾਂ ਕੁਝ ਖਾਕੇ ਮਰ ਜਾਵਗੀ। ਮੈਂ ਸਾਹਿਬਾਂ ਬਿਨਾਂ ਜੀ ਨਹੀਂ ਸਕਦਾ। ਮੇਰਾ ਰਾਹ ਛਡਦੇ ਮਾਂ। ਉਸ ਦੀ ਜਿੰਦ ਨੂੰ ਬਚਾਣਾ ਮੇਰੇ ਲਈ ਬਹੁਤ ਜ਼ਰੂਰੀ ਏ। ਉਹ ਮੇਰਾ ਰਾਹ ਤਕਦੀ ਪਈ ਏ.''

''ਪੁੱਤਰ ਮਿਰਜ਼ਿਆ, ਜਵਾਨੀਆਂ ਮਾਣੇ। ਚੰਗਾ ਦੇਰ ਨਾ ਕਰ ਛੇਤੀ ਜਾਹ। ਪੁੱਤਰਾਂ ਖ਼ਰਲਾਂ ਦੇ ਖ਼ੂਨ ਨੂੰ ਦਾਗ ਨਾ ਲਾਈਂ ਸਾਹਿਬਾਂ ਨੂੰ ਨਾਲ ਲੈ ਕੇ ਮੁੜੀ।''

ਤੇ ਮਿਰਜ਼ੇ ਦੀ ਮਾਂ ਨੇ ਰੱਬ ਅੱਗੇ ਦੋਨੋਂ ਹਥ ਜੋੜ ਦਿੱਤੇ। ਬੱਕੀ ਰੇਵੀਆ ਚਾਲ ਫੜਦੀ ਹਵਾ ਨਾਲ ਗੱਲਾਂ ਕਰਨ ਲੱਗੀ।

ਮਿਰਜ਼ਾ ਜਦੋਂ ਝੰਗ ਪੁੱਜਾ, ਚਾਰੇ ਬੰਨੇ ਹਨੇਰਾ ਪਸਰਿਆ ਹੋਇਆ ਸੀ। ਸਾਹਿਬਾਂ ਦੀ ਬਰਾਤ ਪਿੰਡ ਪੁਜ ਚੁੱਕੀ ਸੀ ਤੇ ਜਾਂਞੀ ਸ਼ਰਾਬ ਵਿਚ ਮਸਤ ਆਤਸ਼-ਬਾਜ਼ੀਆਂ ਚਲਾ ਰਹੇ ਸਨ, ਮੁਜਰੇ ਸੁਣ ਰਹੇ ਸਨ। ਮਿਰਜ਼ੇ ਦਾ ਦਿਲ ਧੜਕਿਆ। ਅਜ ਦੀ ਰਾਤ ਸਾਹਿਬਾਂ ਦਾ ਨਿਕਾਹ ਪੜ੍ਹਿਆ ਜਾਣਾ ਸੀ। ਤੇ ਸਾਹਿਬਾਂ ਉਹ ਨੂੰ ਉਡੀਕਦੀ ਉਡੀਕਦੀ ਬੇ-ਆਸ ਹੋ ਚੁੱਕੀ ਸੀ।

ਮਿਰਜ਼ਾ ਬੀਬੋ ਨਾਇਣ ਦੇ ਘਰ ਜਾ ਪੁੱਜਾ। ਬੀਬੋ ਲਈ ਜਿਵੇਂ ਚੰਦ ਚੜ੍ਹ ਗਿਆ ਹੋਵੇ। ਉਸ ਸੱਚੇ ਖੁਦਾ ਦਾ ਲਖ ਲਖ ਸ਼ੁਕਰ ਕੀਤਾ ਤੇ ਉਹ ਉਸੇ ਵੇਲੇ ਸਾਹਿਬਾਂ ਨੂੰ ਮਿਰਜ਼ੇ ਦੇ ਪੁਜ ਜਾਣ ਦੀ ਖਬਰ ਦੇ ਆਈ।

ਸਾਹਿਬਾਂ ਘਰਦਿਆਂ ਪਾਸੋਂ ਅਖ ਬਚਾਕੇ ਬੀਬੋ ਦੇ ਘਰ ਪੁਜ ਗਈ। ਉਸ ਮਿਰਜ਼ੇ ਦੁਆਲੇ ਬਾਹਾਂ ਵਲ ਦਿੱਤੀਆਂ ਤੇ ਡੁਸਕਣ ਲੱਗ ਪਈ।

''ਸਾਹਿਬਾਂ ਰੋ ਕੇ ਕੁਝ ਨਹੀਂ ਜੇ ਬਣਨਾ। ਹੌਸਲਾ ਕਰ। ਤੇਰਾ ਵਿਆਹ ਹੁਣ ਰੁਕ ਨਹੀਂ ਸਕਦਾ। ਮਾਂ ਮੇਰੀ ਬਹੁਤੇਰੇ ਵਾਸਤੇ ਪਾ ਚੁੱਕੀ ਏ। ਮਾਮਾ ਨਹੀਂ ਮੰਨਿਆ। ਇਹ ਝੂਠੀ ਲੋਕ ਲਾਜ, ਇਹ ਝੂਠੀਆਂ ਰਸਮਾਂ ਸਾਡੇ ਰਾਹ ਵਿਚ ਰੋਕਾਂ ਬਣ ਖਲੋਈਆਂ ਨੇ। ਸਾਡਾ ਮਜ਼ਹਬ ਤੇਰੇ ਮੇਰੇ ਵਿਆਹ ਦੀ ਆਗਿਆ ਦੇਂਦਾ ਏ ਪਰ ਇਹ ਲੋਕ ਨਹੀਂ ਮੰਨਦੇ। ਸਾਡੀਆਂ ਰੂਹਾਂ ਨੂੰ ਕਤਲ ਕਰਕੇ ਹੀ ਇਨ੍ਹਾਂ ਨੂੰ ਸ਼ਾਂਤੀ ਮਿਲਦੀ ਏ।'' ਮਿਰਜ਼ਾ ਗੰਭੀਰ ਹੋਇਆ ਸਾਹਿਬਾਂ ਦਾ ਦਿਲ ਧਰੋਣ ਲੱਗਾ।

''ਮਿਰਜ਼ਿਆ ਮੈਂ ਤੇਰੇ ਬਿਨਾਂ ਕਿਸੇ ਹੋਰ ਨੂੰ ਅਪਣਾ ਨਹੀਂ ਬਣਾ ਸਕਦੀ। ਅੱਧੀ ਰਾਤ ਹੋ ਚੁੱਕੀ ਏ, ਕੁਝ ਸੋਚ, ਕੁਝ ਉਪਾ ਕਰ।''

ਸਾਹਿਬਾਂ ਮੈਂ ਸਭ ਕੁਝ ਸੋਚਕੇ ਹੀ ਆਇਆ ਹਾਂ। ਤੂੰ ਤਾਂ ਮੇਰੀ ਜ਼ਿੰਦਗੀ ਏਂ, ਤੈਨੂੰ ਲੈਣ ਹੀ ਆਇਆ ਹਾਂ। ਉਹ ਕਿਹੜਾ ਸੂਰਮਾ ਹੈ -ਜਿਹੜਾ ਹੁਣ ਤੈਨੂੰ ਮੇਰੇ ਪਾਸੋਂ ਖੋਹ ਲਵੇਗਾ।''

ਬਾਹਰੋਂ ਮਿਰਜ਼ੇ ਦੀ ਬੱਕੀ ਹਿਣਹਣਾਈ।

''ਚਲ ਸਾਹਿਬਾਂ ਤੈਨੂੰ ਦਾਨਾਬਾਦ ਲੈ ਚੱਲਾਂ, ਤਿਆਰ ਏਂ ਨਾ ਮੇਰੇ ਨਾਲ ਹੁਣੇ ਟੁਰਨ ਲਈ ?'' ਮਿਰਜ਼ਾ ਪ੍ਰਸ਼ਨ ਸੂਚਕ ਨਿਗਾਹਾਂ ਨਾਲ ਸਾਹਿਬਾਂ ਦੇ ਕੁਮਲਾਏ ਮੁਖੜੇ ਵਲ ਤੱਕਣ ਲੱਗਾ।

ਇਕ ਪਲ ਸੋਚ ਕੇ ਸਾਹਿਬਾਂ ਬੋਲੀ, ''ਮਿਰਜ਼ਿਆ ਇਹ ਦਾ ਜੁਆਬ ਆਪਣੇ ਦਿਲ ਪਾਸੋਂ ਪੁੱਛ। ਮੇਰੀ ਜਿੰਦ ਤੇਰੇ ਹਵਾਲੇ ਹੈ।''

ਤੇ ਮਿਰਜ਼ਾ ਸ਼ਾਹਿਬਾਂ ਨੂੰ ਬੱਕੀ ਤੇ ਚੜ੍ਹਾਕੇ ਦਾਨਬਾਦ ਨੂੰ ਨਸ ਟੁਰਿਆ।

ਕਾਜ਼ੀ ਹੋਰੀਂ ਨਕਾਹ ਪੜ੍ਹਾਣ ਲਈ ਪੁਜ ਗਏ। ਖੀਵੇ ਹੋਰਾਂ ਸਾਰਾ ਘਰ ਛਾਣ ਮਾਰਿਆ, ਸਾਹਿਬਾਂ ਕਿਧਰੇ ਵਖਾਈ ਨਾ ਦਿੱਤੀ। ਨਮੋਸ਼ੀ ਦੇ ਕਾਰਨ ਖੀਵੇ ਨੂੰ ਗਸ਼ੀਆਂ ਪੈਣ ਲੱਗ ਪਈਆਂ। ਸਾਰਾ ਪਿੰਡ ਸਾਹਿਬਾਂ ਦੀ ਭਾਲ ਕਰਨ ਲੱਗਾ। ''ਖੌਰੇ ਕਿਸੇ ਖੂਹ ਖਾਤੇ ਵਿਚ ਹੀ ਡੁਬ ਮੋਈ ਹੋਵੇ'' ਕੋਈ ਆਖਦਾ। ਕਿਸੇ ਆਖਿਆ, ''ਰਾਤੀਂ ਮੈਂ ਮਿਰਜ਼ੇ ਨੂੰ ਆਉਂਦੇ ਵੇਖਿਆ ਹੈ। ਹੋ ਸਕਦਾ ਹੈ ਉਹ ਹੀ ਸਾਹਿਬਾਂ ਨੂੰ ਉਧਾਲ ਕੇ ਲੈ ਗਿਆ ਹੋਵੇ।''

ਇਹ ਸੁਣ ਸਾਹਿਬਾਂ ਦੇ ਭਰਾ ਸ਼ਮੀਰ ਤੇ ਝੁਮਰਾ ਤੈਸ਼ ਵਿਚ ਆ ਗਏ। ਉਹ ਦੋ ਵਾਹਰਾਂ ਬਣਾਕੇ ਦਾਨਾਬਾਦ ਦੇ ਰਸਤੇ ਪੈ ਗਏ। ਘੋੜੀਆਂ ਅਤੇ ਉਨ੍ਹਾਂ ਦੀ ਧੂੜ ਇਕ ਤੂਫਾਨੀ ਹਨੇਰੀ ਵਾਂਗ ਦਾਨਾਬਾਦ ਵਲ ਵਧਣ ਲੱਗੀ। ਮਿਰਜ਼ੇ ਦੀ ਬੱਕੀ ਸਿਰ ਤੋੜ ਦੌੜਦੀ ਦਾਨਾਬਾਦ ਦੇ ਨੇੜੇ ਪੁਜ ਗਈ। ਰਾਤ ਦਾ ਉਣੀਂਦਾ, ਸਫਰ ਦਾ ਥਕੇਵਾਂ ਬੱਕੀ ਤੇ ਭਾਰੂ ਹੋ ਗਿਆ। ਉਹ ਨਹੁੰ ਲੈਣ ਲੱਗੀ।

''ਹੁਣ ਅਸੀਂ ਵੈਰੀ ਦੀ ਮਾਰ ਤੋਂ ਦੂਰ ਆ ਚੁੱਕੇ ਆਂ, ਇਸ ਜੰਡ ਥੱਲੇ ਇਕ ਪਲ ਸਸਤਾ ਲਈਏ।' ਮਿਰਜ਼ੇ ਨੇ 'ਬੱਕੀ ਜੰਡ ਨਾਲ ਬੰਨ੍ਹ ਦਿੱਤੀ ਤੇ ਆਪ ਸਾਹਿਬਾਂ ਦੇ ਪਟ ਦਾ ਸਰਹਾਣਾ ਲਾਕੇ ਸੌਂ ਗਿਆ।

ਸਾਹਿਬਾਂ ਨੇ ਕਈ ਵਾਰੀ ਉਹ ਨੂੰ ਜਗਾਇਆ ਪਰ ਮਿਰਜ਼ਾ ਘੂਕ ਸੁੱਤਾ ਰਿਹਾ।

ਘੋੜਿਆਂ ਦੀਆਂ ਟਾਪਾਂ ਨੇੜੇ ਆਉਂਦੀਆਂ ਗਈਆਂ। ਸਾਹਿਬਾਂ ਵੇਖਿਆ

ਉਹ ਦਾ ਭਰਾ ਸ਼ਮੀਰ ਵਾਹਰ ਸਮੇਤ ਉਨ੍ਹਾਂ ਵਲ ਵਧ ਰਿਹਾ ਸੀ। ਉਸ ਮਿਰਜ਼ੇ ਨੂੰ ਹਲੂਣਿਆ, ''ਮਿਰਜ਼ਿਆ ਜਾਗ ਖੋਲ੍ਹ ਵੈਰੀ ਸਿਰ ਤੇ ਪੁਜ ਗਏ ਨੇ।''

ਦੋ ਵਾਹਰਾ ਦੇ ਵਿਚਕਾਰ ਉਹ ਘੇਰੇ ਗਏ। ਮਿਰਜ਼ੇ ਨੇ ਬੜੀ ਬਹਾਦਰੀ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ। ਉਹਦਾ ਇਕ ਇਕ ਤੀਰ ਕਈਆਂ ਦੇ ਹੋਸ਼ ਭੁਲਾ ਦਿੰਦਾ। ਸੈਆ ਬਾਹਵਾਂ ਦਾ ਮੁਕਾਬਲਾ ਉਹ ਕਦੋਂ ਤਕ ਕਰਦਾ। ਉਹਦਾ ਗੋਲੀ ਜਿਹਾ ਸੁੰਦਰ ਸਰੀਰ ਤੀਰਾਂ ਨਾਲ ਛਲਣੀ ਛਲਣੀ ਹੋ ਗਿਆ।

ਅੰਤ ਸਾਹਿਬਾਂ ਵੀ ਅਪਣੇ ਪੇਟ ਵਿਚ ਕਟਾਰ ਮਾਰਕੇ ਮਿਰਜੇ ਦੀ ਲੋਥ ਤੇ ਜਾ ਡਿੱਗੀ। ਬੱਕੀ ਅਪਣੇ ਪਿਆਰੇ ਮਿਰਜ਼ੇ ਦੀ ਲੋਥ ਕੋਲ ਖੜੀ ਹੰਝੂ ਕੇਰਦੀ ਰਹੀ।

# ਤੋਕਾ ਪਰਤਾਪੀ

ਪਰਤਾਪੀ ਵੀ ਆਈ ਮੇਲੇ
ਕੁੜੀਆਂ ਸਾਥ ਰਲਾਕੇ
ਇਕੋ ਰੰਗ ਪੁਸ਼ਾਕਾਂ ਪਾਈਆਂ
ਹਾਰ ਸ਼ਿੰਗਾਰ ਲਗਾਕੇ
ਪਰੀਆਂ ਵਰਗੇ ਰੂਪ ਜਿਨ੍ਹਾਂ ਦੇ
ਮੈਂ ਕੀ ਕਹਾਂ ਸੁਣਾਕੇ
ਤੁਰਨ ਸੱਭੇ ਰੰਗਰੂਟਾਂ ਵਾਂਗੂੰ
ਹਿੱਕ ਨੂੰ ਤਹਾਂ ਚੜ੍ਹਾਕੇ
ਤਿੱਖੇ ਨੈਣ ਕਟਾਰਾਂ ਵਰਗੇ
ਜਾਣ ਕਲੇਜਾ ਘਾਕੇ
ਆਸ਼ਕ ਲੋਕਾਂ ਨੂੰ
ਮਾਰ ਦੇਣ ਤੜਫਾਕੇ ।

ਕਾਕਾ ਪਰਤਾਪੀ ਮਾਲਵੇ ਦੀ ਪ੍ਰਸਿਧ ਪ੍ਰੀਤ ਕਥਾ ਹੈ। ਇਹ ਕਥਾ ੧੮੯੪-੯੫ ਈਸਵੀ ਦੇ ਲਗ ਭਗ ਵਾਪਰਦੀ ਹੈ। ਇਸ ਪ੍ਰੀਤ ਕਥਾ ਨੂੰ ਈਸ਼ਰ ਸਿੰਘ, ਗੁਰਦਿਤ ਸਿੰਘ, ਛੱਜੂ ਸਿੰਘ, ਗੁਰਦਿਆਲ ਸਿੰਘ ਅਤੇ ਗੋਕਲ ਚੰਦ ਆਦਿ ਕਈ ਇਕ ਕਿੱਸਾ ਕਾਰਾਂ ਨੇ ਉਲੀਕਿਆ ਹੈ। ਗੋਕਲ ਚੰਦ ਅਤੇ ਗੁਰਦਿਤ ਸਿੰਘ ਦੇ ਕਿੱਸੇ ਵਧੇਰੇ ਮਸ਼ਹੂਰ ਹਨ, ਪਰ ਅਫਸੋਸ ਇਸ ਗਲ ਦਾ ਹੈ ਕਿ ਸਵਾਏ ਛੱਜੂ ਸਿੰਘ ਦੇ ਕਿੱਸੇ ਦੇ ਮਾਰਕੀਟ ਵਿਚ ਕੋਈ ਹੋਰ ਕਿੱਸਾ ਨਹੀਂ ਮਿਲ ਰਿਹਾ। ਇਨ੍ਹਾਂ ਕਿੱਸਿਆਂ ਤੋਂ ਉਪਰੰਤ ਕਾਕਾ ਪਾਰਤਾਪੀ ਬਾਰੇ ਕਈ ਲੋਕ ਗੀਤ ਵੀ ਮਿਲਦੇ ਹਨ।

ਮੇਰੇ ਆਪਣੇ ਪਿੰਡ (ਮਾਦਪੁਰ ਜ਼ਿਲਾ ਲੁਧਿਆਣਾ) ਤੋਂ ਇਕ ਮੀਲ ਦੱਖਣ ਵਲ ਰਿਆਸਤ ਪਟਿਆਲਾ (ਹੁਣ ਪੰਜਾਬ) ਦਾ ਲੋਪੋਂ ਨਾਮੀ ਪਿੰਡ ਹੈ। ਇਥੇ ਫੱਗਣ ਦੇ ਮਹੀਨੇ ਮਹਿਮਾ ਸ਼ਾਹ ਫਕੀਰ ਦੀ ਸਮਾਧ ਤੇ ਬੜਾ ਭਾਰੀ ਮੇਲਾ ਲੱਗਦਾ ਹੈ। ਲੋਕੀ ਦੂਰੋਂ ਦੂਰੋਂ ਇਹ ਮੇਲਾ ਤੱਕਣ ਲਈ ਆਉਂਦੇ ਹਨ। ਇਸ ਪ੍ਰੀਤ ਕਥਾ ਦਾ ਨਾਇਕਾ 'ਪਰਤਾਪੀ ਵੀ ਇਸੇ ਪਿੰਡ ਦੀ ਜੰਮਪਲ ਹੈ :—

ਲੋਪੋਂ ਪਿੰਡ ਮਸ਼ਹੂਰ ਜਗਤ ਮੈਂ<br>
ਉਸਦਾ ਸੁਣੋ ਹਵਾਲਾ।<br>
ਓਸ ਨਗਰ ਵਿਚ ਵਸਦਾ ਵੀਰੋ<br>
ਇਕ ਸੁਨਿਆਰ ਗੁਪਾਲਾ।

ਨਾ ਪਰਤਾਪੀ ਲੜਕੀ ਉਸਦੀ
ਸੂਰਤ ਕਰੇ ਉਜਾਲਾ ।

ਰੇਬ ਪਜਾਮਾ ਪਾਕੇ ਰੱਖਦੀ
ਵਿਚ ਰੇਸ਼ਮੀ ਨਾਲਾ ।

ਅੱਖ ਪਰਤਾਪੀ ਦੀ—
ਹੈ ਮਰਦਾਂ ਦਾ ਗਾਲਾ ।

(ਛੱਜੂ ਸਿੰਘ)

ਗੋਕਲ ਚੰਦ ਅਤੇ ਛੱਜੂ ਸਿੰਘ ਅਨੁਸਾਰ ਇਸ ਪ੍ਰੀਤ ਕਥਾ ਦਾ ਮੁਢ ਇਸੇ ਮੇਲੇ ਤੋਂ ਬਝਦਾ ਹੈ। ਪਰਾਤਪੀ ਸੁਨਿਆਰੀ ਲੋਪੋਂ ਦੀਆਂ ਪਰੀਆਂ ਵਰਗੀਆਂ ਮਟਿਆਰਾਂ ਨੂੰ ਨਾਲ ਲੈ ਮੇਲਾ ਵੇਖਣ ਆਉਂਦੀ ਹੈ :—

ਪਰਤਾਪੀ ਵੀ ਆਈ ਮੇਲੇ
ਕੁੜੀਆਂ ਸਾਥ ਰਲਾਕੇ
ਇੱਕੋ ਰੰਗ ਪੁਸ਼ਾਕਾਂ ਪਾਈਆਂ
ਹਾਰ ਸ਼ੰਗਾਰ ਲਗਾਕੇ
ਪਰੀਆਂ ਵਰਗੇ ਰੂਪ ਜਿਨ੍ਹਾਂ ਦੇ
ਮੈਂ ਕੀ ਕਹਾਂ ਸੁਣਾਕੇ
ਤੁਰਨ ਸੱਭੇ ਰੰਗਰੂਟਾਂ ਵਾਂਗੂੰ
ਹਿੱਕ ਨੂੰ ਤਹਾਂ ਚੜ੍ਹਾਕੇ
ਤਿਖੇ ਨੈਣ ਕਟਾਰਾਂ ਵਰਗੇ
ਜਾਣ ਕਲੇਜਾ ਘਾਕੇ ।

ਆਸ਼ਕ ਲੋਕਾਂ ਨੂੰ
ਮਾਰ ਦੇਣ ਤੜਫਾ ਕੇ ।

ਆਸ਼ਕਾਂ ਦੀਆਂ ਹਿੱਕਾਂ ਲੂੰਹਦੀ ਇਹ ਟੋਲੀ ਮੇਲੇ ਵਿਚ ਫੇਰਾ ਮਾਰਦੀ ਹੈ। ਮੇਲਾ ਨਸ਼ਿਆ ਜਾਂਦਾ ਹੈ। ਜ਼ਿਲਾ ਲੁਧਿਆਣੇ ਦੇ ਇਕ ਪਿੰਡ ਰੁਪਾਲੋਂ ਜਿਹੜਾ

ਲੋਪੋਂ ਤੋਂ ਇਕ ਮੀਲ ਦੀ ਦੂਰੀ ਤੇ ਹੈ—ਦੇ ਜ਼ੈਲਦਾਰ ਕਾਹਨ ਸਿੰਘ ਦਾ ਛੈਲ ਛਬੀਲਾ ਗਭਰੂ ਕਾਕਾ ਕਿਰਪਾਲ ਸਿੰਘ ਵੀ ਮੇਲਾ ਵੇਖ ਰਿਹਾ ਹੁੰਦਾ ਹੈ। ਪਰਤਾਪੋ ਦੇ ਮਧ ਭਰੇ ਨੈਣ ਉਸ ਨੂੰ ਘਾਇਲ ਕਰ ਦਿੰਦੇ ਹਨ '—

ਮੇਲੇ ਦੇ ਵਿਚ ਬੜੀਆਂ ਜਾਕੇ
ਦੇਖੇ ਖਲਕਤ ਸਾਰੀ
ਕਾਕੇ ਦਾ ਵੀ ਆਇਆ ਟੋਲਾ
ਨਜ਼ਰ ਪਈ ਸੁਨਿਆਰੀ
ਆਸ਼ਕ ਤੀਰ ਲੱਗੇ ਵਿਚ ਸੀਨੇ
ਜ਼ਖਮ ਹੋ ਗਿਆ ਕਾਰੀ
ਕਹਿੰਦਾ ਮੈਂ ਨਹੀਂ ਬਚਦਾ ਵੀਰੋ
ਘੈਲ ਬਣਾਗੀ ਨਾਰੀ
ਗੋਲੀ ਨੈਣਾਂ ਦੀ—
ਭਰ ਹਿਰਦੇ ਵਿਚ ਮਾਰੀ।

ਸ਼ਿਕਾਰ ਨੇ ਤਾਂ ਜ਼ਖਮੀ ਹੋਣਾ ਹੀ ਸੀ, ਸ਼ਕਾਰੀ ਆਪ ਤੜਪ ਉਠਦਾ ਹੈ :

ਦੇਖ ਕਾਕੇ ਨੂੰ ਸੁਨਿਆਰੀ,
ਮੋਮ ਹੋ ਗਈ ਵਿਚਾਰੀ,
ਜਿੰਦ ਜਾਮਦੀ ਨਵਾਰੀ,
ਅੱਖਾਂ ਰਹਿ ਗਈਆਂ ਅੱਡੀਆਂ।
ਸਦਕੇ ਅੱਲਗ
ਕਿਹਾ ਨਾਲ ਸੀਨੇ 'ਲੱਗ
ਮੈਨੂੰ ਚਲਿਆਂ ਤੂੰ ਠੱਗ
ਜਗ ਜਿਊਂਦੀ ਨਾ ਛੱਡੀਆਂ।
ਮੈਨੂੰ ਰੱਖਲੈ ਮਸੂਕ
ਦਿੱਤਾ ਤੜਤੀ ਨੂੰ ਫੂਕ

ਸੀਨੇ ਮਾਰਕੇ ਬੰਦੂਕ
ਸਾਗਾਂ ਨੇਤਰਾਂ ਨੇ ਗਡੀਆਂ।
(ਗੋਕਲ ਚੰਦ)

ਗੁਰਦਿਤ ਸਿੰਘ ਕਾਕੇ ਤੇ ਪਰਤਾਪੀ ਦਾ ਮੇਲ ਤੀਆਂ ਦੇ ਦਿਨਾਂ ਵਿਚ ਕਰਾਵਾਉਂਦਾ ਹੈ। ਉਸ ਦੇ ਕਥਨ ਅਨੁਸਾਰ ਲੋਪੋਂ ਦੀਆਂ ਮੁਟਿਆਰਾਂ ਪਿੰਡੋਂ ਬਾਹਰ ਢੱਕੀ ਵਿਚ ਤੀਆਂ ਪਾ ਰਹੀਆਂ ਸਨ। ਕਾਕਾ ਸ਼ਿਕਾਰ ਖੇਡਦਾ ਖੇਡਦਾ ਇਧਰ ਆ ਨਿਕਲਿਆ। ਜਵਾਨੀ ਦੇ ਨਸ਼ੇ ਵਿਚ ਮੱਤੀਆਂ ਮੁਟਿਆਰਾਂ ਨੇ ਉਸ ਦਾ ਰਾਹ ਜਾ ਡੱਕਿਆ :—

ਦੂਰੋਂ ਅਸਵਾਰ ਆਉਂਦਾ ਦੇਖਿਆ ਜਾਂ ਔਰਤਾਂ ਨੇ,
ਆਣ ਕੇ ਸ਼ਤਾਬੀ ਰਾਹ ਸਾਰੀਆਂ ਨੇ ਰੋਕਿਆ।
ਕਿਥੇ ਤੇਰੇ ਘਰ ਦੱਸੀਂ ਚੀਨੀ ਘੋੜੀ ਵਾਲਿਆ ਵੇ,
ਬੋਲੀਂ ਤੂੰ ਜ਼ਬਾਨੋਂ ਇਕ ਬਾਰ ਤੇਲੋਕਿਆ।

ਹਾਸਿਆਂ ਤੇ ਮਖੌਲਾਂ ਦੀ ਛਹਿਬਰ ਲੱਗ ਗਈ। ਮੁਟਿਆਰਾਂ ਨੇ ਕਾਕੇ ਦੇ ਆਲੇ ਦੁਆਲੇ ਘੇਰਾ ਘੱਤ ਲਿਆ। ਸੁਨਿਆਰੀ ਪਰਤਾਪੀ ਦੇ ਹੁਸਨ ਨੇ ਕਾਕੇ ਨੂੰ ਚੁੰਧਿਆ ਦਿੱਤਾ। ਉਹ ਸੁਆਦ ਸੁਆਦ ਹੋ ਉਠਿਆ। ਗੁਜਰ ਦਲੇਲ ਦੀ ਭੋਲੀ ਗੁਜਰੀ ਕਾਕੇ ਦੀ ਪਹਿਲਾਂ ਤੋਂ ਜਾਣੂ ਸੀ। ਉਸ ਮਸੀਂ ਮੁਟਿਆਰਾਂ ਪਾਸੋਂ ਉਹਦਾ ਖਿਹੜਾ ਛੁਡਾਇਆ।

ਮਹਿੰਦੀ ਰੱਤੇ ਹੱਥ ਫੇਰ ਹਰਕਤ ਵਿਚ ਆਏ। ਗਿੱਧਾ ਮੱਚ ਉਠਿਆ, ਸਾਰੇ ਵਾਯੂਮੰਡਲ ਵਿਚ ਲੋਕ-ਗੀਤਾਂ ਦੀ ਮਾਖਿਓਂ ਮਿੱਠੀ ਸੁਗੰਧੀ ਖਿਲਰ ਪਈ। ਹਵਾ ਮਸਤ ਹੋ ਗਈ, ਇਸ਼ਕ ਫੁਹਾਰਾਂ ਵਹਿ ਤੁਰੀਆਂ। ਭੋਲੀ ਬੋਲੀ ਪਾਈ :—

ਦਿਲ ਵਿਚ ਕਾਕਾ ਸੋਚਾਂ ਸੋਚਦਾ
ਜੇ ਮਛਲੀ ਬਣ[1] ਜਾਵਾਂ
ਰਸ ਚੂਸਾਂ ਲਾਲ ਬੁਲ੍ਹੀਆਂ ਦਾ

---

1 ਮਛਲੀ—ਨਕ ਦਾ ਗਹਿਣਾ

ਭਰ ਭਰ ਘੁਟ ਲੰਘਾਵਾਂ
ਹੋਵਾਂ ਕੁੜਤੀ ਲਗਜਾਂ ਕਾਲਜੇ
ਠੰਡ ਸੀਨੇ ਮੈਂ ਪਾਵਾਂ
ਫੁਲ ਬਣ ਡੋਰੀ ਦਾ—
ਪਿਠ ਤੇ ਮੇਲ੍ਹਦਾ ਆਵਾਂ ।
(ਲੋਕ-ਗੀਤ)

ਸ਼ਾਮਾਂ ਪੈ ਰਹੀਆਂ ਸਨ । ਹਰਨੀਆਂ ਦੀ ਡਾਰ ਪਿੰਡ ਨੂੰ ਪਰਤ ਪਈ । ਹਰ ਮੁਟਿਆਰ ਆਪਣੇ ਆਪ ਨੂੰ ਹੀਰ ਸਮਝਦੀ ਹੋਈ ਕਾਕੇ ਬਾਰੇ ਗੱਲਾਂ ਕਰ ਰਹੀ ਸੀ । ਪਰ ਕੌਣ ਜਾਣੇ ਇਸ਼ਕ ਦੀ ਜਵਾਲਾ ਕਿਥੇ ਸੁਲਘਦੀ ਪਈ ਸੀ :

ਕੋਈ ਆਖੇ ਨਢੀ ਨੀ ਮੇਰੇ ਵਲ ਵੇਖਦਾ ਸੀ,
ਕੋਈ ਆਖੇ ਭੈਣੇ ਮੈਨੂੰ ਅੱਖਾਂ ਮਟਕਾ ਗਿਆ ।

ਕੋਈ ਆਖੇ ਮੈਨੂੰ ਨੀ ਬੁਲਾਵੇ ਨਾਲ ਸੈਨਤਾਂ ਦੇ,
ਵੱਟੀ ਜਾਂ ਮੈਂ ਘੂਰੀ ਤਾਂ ਤੜਕ ਨੀਵੀਂ ਪਾ ਗਿਆ ।

ਕੋਈ ਆਖੇ ਟੇਢੀ ਨਿਗ੍ਹਾ ਝਾਕਦਾ ਸੀ ਮੇਰੇ ਵਲ,
ਸਾਹਮਣੇ ਮੈਂ ਝਕੀ ਜਦੋਂ ਅੱਖ ਨੀ ਚੁਰਾ ਗਿਆ ।
(ਗੁਰਦਿਤ ਸਿੰਘ)

ਹਸਦੀਆਂ ਖੇਡਦੀਆਂ ਮੁਟਿਆਰਾਂ ਅਜੇ ਥੋੜੀ ਹੀ ਦੂਰ ਗਈਆਂ ਸਨ ਕਿ ਬਾਰਸ਼ ਦਾ ਸਰਾਟਾ ਇਕ ਦਮ ਆ ਗਿਆ । ਹਰਨੀਆਂ ਦੀ ਡਾਰ ਵਿਚ ਭਾਜੜ ਪੈ ਗਈ । ਭੋਲੀ ਤੇ ਪਰਤਾਪੀ ਪਿੰਡੋਂ ਬਾਹਰ ਹੀਰਾ ਸਿੰਘ ਜਟ ਦੇ ਕੋਠੇ ਵਿਚ ਜਾ ਬੜੀਆਂ । ਭੋਲੀ ਨੇ ਏਧਰ ਉਧਰ ਦੀਆਂ ਗੱਲਾਂ ਮਾਰਨ ਮਗਰੋਂ ਕਾਕੇ ਬਾਰੇ ਗੱਲ ਤੋਰੀ । ਪਰਤਾਪੀ ਅੰਦਰੋਂ ਲੱਡੂ ਭੋਰਦੀ ਸੀ ਪਰ ਬਾਹਰੋਂ :—

ਆਖੇ ਪਰਤਾਪੀ ਨੀ ਤੂੰ ਭੋਲੀਏ ਮਖੌਲ ਕਰੇਂ
ਕੀਤਾ ਕੀ ਪਸੰਦ ਉਸ ਮੇਰਾ ਨੀ ਗੰਵਾਰ ਦਾ ।

ਜਾਤ ਦੀ ਕਮੀਨਣੀ ਅਧੀਨਣੀ ਗਰੀਬਣੀ ਮੈਂ

ਉਸ ਨੂੰ ਤੂੰ ਦਸਦੀ ਹੈਂ ਪੁਤ ਜ਼ੈਲਦਾਰ ਦਾ।

ਜੱਟਾਂ ਨਾਲ ਦੋਸਤੀ ਨਾ ਪੁਗਦੀ ਕਮੀਣਾਂ ਦੀ ਨੀ
ਖੇਤ ਬੰਨੇ ਬੀਹੀ ਗਲੀ ਦੇਖ ਨੀ ਘੁੰਗਾਰਦਾ।

ਮੇਰੇ ਨਾ ਪਸੰਦ ਤੇਰੀ ਗਲ ਗੁਰਦਿਤ ਸਿੰਘਾ
ਮਿੱਟੀ ਪਟ ਦੇਵੇ ਜਟ ਜਦੋਂ ਨੀ ਹੰਕਾਰਦਾ।

ਦੂਬੇ ਭਾਂਬੜ ਕਦ ਤੀਕਰ ਦਬਾਏ ਜਾ ਸਕਦੇ ਸਨ। ਆਖਰ ਜਵਾਲਾ ਫੁਟ ਹੀ ਤਾਂ ਪੈਂਦੀ ਹੈ :—

ਤਨ ਮਨ ਮੇਰੇ ਦੀ ਭੁਲਾਈ ਸੁਧ ਨੱਢੜੇ ਨੇ,
ਮਿੱਠਾ ਮਿੱਠਾ ਬੋਲਕੇ ਦਿਖਾ ਗਿਆ ਹੈ ਲੀਲਾ ਨੀ।

ਫੁਲ ਨੀ ਗੁਲਾਬ ਵਾਗੂੰ ਰੰਗ ਮੇਰਾ ਓਸ ਵੇਲੇ,
ਮੁਖੜਾ ਲੁਕਾਇਆ ਤਾਂ ਹੋਇਆ ਪਤ ਪੀਲਾ ਨੀ।

ਦਸਦੀ ਮੈਂ ਸੱਚ ਤੈਨੂੰ ਅਜ ਗੁਰਦਿਤ ਸਿੰਘਾ,
ਲੁੱਟੀ ਨੀ ਮੈਂ ਲੁੱਟੀ ਲੁਟ ਲੈ ਗਿਆ ਰੰਗੀਲਾ ਨੀ।

ਦੂਜੇ ਦਿਨ ਭੋਲੀ ਨੇ ਕਾਕੇ ਨੂੰ ਸੁਨੇਹਾ ਦੇਕੇ ਰੁਪਾ ਲੋਂ ਤੋਂ ਸਦ ਲਿਆ। ਪਰਤਾਪੀ ਤੇ ਕਾਕੇ ਨੇ ਭੋਲੀ ਦੇ ਘਰ ਕੌਲ ਕਰਾਰ ਕਰ ਲਏ :—

ਕਹੇ ਸੁਨਿਆਰੀ ਸੁਣ ਵੇ ਕਾਕਾ
ਤੋੜ ਨਭਾਈਂ ਲਾਕੇ
ਕਾਕਾ ਕਹਿੰਦਾ ਤੂੰ ਨਾ ਮੈਥੋਂ
ਬਹਿਜੀਂ ਮੁਖ ਭਵਾਕੇ
ਕੌਲ ਕਰਾਰ ਦੋਹਾਂ ਨੇ ਕੀਤੇ
ਬੁਰੀਆਂ ਕਸਮਾਂ ਖਾਕੇ
ਬਾਤਾਂ ਇਸ਼ਕ ਦੀਆਂ—
ਕਰਦੇ ਪਿਆਰ ਵਧਾਕੇ।

(ਛੱਜੂ ਸਿੰਘ)

ਇਸ ਪਰਕਾਰ ਉਹ ਦੋਨੋਂ ਭੋਲੀ ਦੇ ਘਰ ਪਿਆਰ ਮਿਲਣੀਆਂ ਮਾਣਦੇ ਰਹੇ। ਗੋਕਲ ਚੰਦ ਅਨੁਸਾਰ ਕਾਕਾ ਲੱਪੋਂ ਨਹੀਂ ਸੀ ਆਉਂਦਾ ਸਗੋਂ ਪਰਤਾਪੀ ਆਪ ਰੁਪਾਲੋਂ ਜਾਂਦੀ ਸੀ :

ਜਾਵੇ ਪਰਤਾਪੀ ਜੋ ਰੁਪਾਲੋਂ ਨਿਤ ਜੀ
ਲੱਪੋਂ ਵਿਚ ਲਗਦਾ ਨਾ ਘੜੀ ਚਿਤ ਜੀ
ਕ੍ਰਿਪਾਲ ਸਿੰਘ ਵਿਚ ਦਿਨੇ ਰਾਤ ਧਿਆਨ ਜੀ
ਘੜੀ ਦਾ ਵਿਛੋੜਾ ਸੂਲੀ ਦੇ ਸਮਾਨ ਜੀ।

ਕਾਕਾ ਪਰਤਾਪੀ ਦੇ ਇਸ਼ਕ ਦਾ ਭੇਤ ਖੁਲ੍ਹ ਪਿਆ। ਪਰਤਾਪੀ ਦੀ ਮਾਂ ਨੰਦੋ ਦੇ ਕੰਨੀਂ ਵੀ ਇਹ ਖਬਰ ਪੁੱਜੀ :

ਭੋਲੀ ਦੇ ਘਰ ਮਿਲਦੇ ਦੋਵੇਂ
ਪਿੰਡ ਵਿਚ ਹੋਈਆਂ ਸਾਰਾਂ
ਕਾਕੇ ਨਾਲ ਰਹੇ ਪਰਤਾਪੀ
ਗੱਲਾਂ ਕਰਦੀਆਂ ਨਾਰਾਂ
ਨੰਦੋ ਨੂੰ ਜਾ ਕਿਹਾ ਕਿਸੇ ਨੇ
ਤੈਨੂੰ ਬਾਤ ਉਚਾਰਾਂ
ਬਿਗੜ ਗਈ ਪਰਤਾਪੀ ਤੇਰੀ
ਘਰ ਘਰ ਫਿਰਗੀਆਂ ਤਾਰਾਂ
ਕਿਸੇ ਰੋਜ਼ ਨੂੰ ਚੰਦ ਚੜ੍ਹਾਵੇ
ਛੇਤੀ ਖਿਚ ਮੁਹਾਰਾਂ
ਇਜ਼ਤਾਂ ਰੋਲਦੀਆਂ —
ਮਰਨ ਧੀਆਂ ਬਦਕਾਰਾਂ।
(ਛੱਜੂ ਸਿੰਘ)

ਖੰਨੇ ਦੇ ਨਜ਼ਦੀਕ ਰਾਜੋਵਾਲ ਪਿੰਡ ਦੇ ਰਾਮ ਰਤਨ ਨਾਲ ਪਰਤਾਪੀ ਵਿਆਹੀ ਹੋਈ ਸੀ। ਪਰ ਅਜੇ ਉਹਦਾ ਮੁਕਲਾਵਾ ਨਹੀਂ ਸੀ ਟੋਰਿਆ। ਬਦਨਾਮੀ ਤੋਂ ਡਰਦਿਆਂ ਪਰਤਾਪੀ ਦੇ ਬਾਪ ਗੁਪਾਲੇ ਨੇ ਮੁਕਲਾਵੇ ਦਾ ਦਿਨ ਧਰ ਦਿੱਤਾ।

ਰਾਮ ਰਤਨ ਗੱਡੀ ਵਿਚ ਪਰਤਾਪੀ ਨੂੰ ਲਈ ਜਾ ਰਿਹਾ ਸੀ ਕਿ ਕਾਕੇ ਨੇ ਆਪਣੇ ਨਾਲ ਕੁਝ ਬਦਮਾਸ਼ ਲਏ ਤੇ ਗੱਡੀ ਢੱਕੀ ਵਿਚ ਜਾ ਘੇਰੀ :—

ਸੁਣਕੇ ਘੋੜੀ ਚੜ੍ਹਿਆ ਕਾਕਾ
ਨਾਲ ਗੁੱਸੇ ਦੇ ਭੜਕੇ
ਢੱਕੀ ਦੇ ਵਿਚ ਘੇਰਲੀ ਗੱਡੀ
ਡਾਂਗ ਉਭਾਰੀ ਖੜਕੇ
ਰਾਮ ਰਤਨ ਨੂੰ ਹੇਠ ਗੇਰਿਆ
ਮੌਰਾਂ ਦੇ ਵਿਚ ਜੜਕੇ
ਦੌੜ ਗਏ ਸੁਨਿਆਰ ਨਾਲ ਦੇ
ਕੌਣ ਖੜੋਵੇ ਅੜਕੇ
ਕਢ ਲਈ ਪਰਤਾਪੀ ਵਿੱਚੋਂ
ਸੱਜੀ ਬਾਹੋਂ ਫੜਕੇ
ਤੁਰੇ ਰੁਪਾਲੋਂ ਨੂੰ—
ਘੋੜੀ ਉਪਰ ਚੜ੍ਹਕੇ ।[1]

(ਛੱਜੂ ਸਿੰਘ)

ਰਾਮ ਰਤਨ ਨੇ ਖੰਨੇ ਦੇ ਥਾਣੇ ਜਾ ਰਿਪੋਰਟ ਕੀਤੀ । ਪੁਲਸ ਆਈ । ਜ਼ੈਲਦਾਰ ਕਾਹਨ ਸਿੰਘ ਨੇ ਇਜ਼ਤ ਬਚਾਉਣ ਦੀਆਂ ਕੋਸ਼ਸ਼ਾਂ ਕੀਤੀਆਂ । ਕਾਕੇ ਨੇ ਪਰਤਾਪੀ ਨੂੰ ਕਿਧਰੇ ਹੋਰ ਲਕੋ ਦਿੱਤਾ :—

---

1 ਪਰ ਕਾਕਾ ਪਰਤਾਪੀ ਨੂੰ ਘੋੜੀ ਉਪਰ ਨਹੀਂ ਸੀ ਲੈ ਕੇ ਆਇਆ ਸਗੋਂ ਆਪਣੀ ਸਰਦਾਰੀ ਦੇ ਜ਼ੋਰ ਨਾਲ ਗੱਡੀ ਹੀ ਰੁਪਾਲੋਂ ਲੈ ਆਂਦੀ ਸੀ । ਗਰੀਬ ਸੁਨਿਆਰ ਜਾਗੀਰਦਾਰਾਂ ਦੇ ਅਤਿਆਚਾਰ ਦੀ ਤਾਬ ਨਹੀਂ ਸਨ ਝਲ ਸਕੇ । ਇਸ ਗਲ ਦੀ ਪੁਸ਼ਟੀ ਸਾਡੇ ਇਲਾਕੇ ਦਾ ਇਕ ਲੋਕ-ਗੀਤ ਇਸ ਤਰ੍ਹਾਂ ਕਰਦਾ ਹੈ : –

ਜ਼ੋਰ ਸਰਦਾਰੀ ਦੇ
ਗੱਡੀ ਮੋੜਕੇ ਰੁਪਾਲੋਂ ਬਾੜੀ ।

ਰਾਮ ਰਤਨ ਦੇ ਪੁਲਸ ਚੜ੍ਹਾਈ
ਕਾਕੇ ਨੇ ਗਲ ਤਾੜੀ।
ਆਪਣੇ ਘਰ ਤੋਂ ਕਢ ਪਰਤਾਪੀ
ਘਰ ਹੋਰ ਦੇ ਬਾੜੀ।
ਆਣ ਪੁਲਸ ਨੇ ਫੜਿਆ ਕਾਕਾ
ਮੋਹਰ ਛਾਪ ਦਰ ਚਾਹੜੀ।
ਕੁਲ ਕੋੜਮਾਂ ਰੋਂਦਾ ਬੈਠਾ
ਕਿਸਮਤ ਸਾਡੀ ਮਾੜੀ।
ਥਾਣੇਦਾਰ ਤਲਾਸ਼ੀ ਕਰਦਾ
ਦੁਸ਼ਮਣ ਮਾਰਨ ਤਾੜੀ।
ਰੁਲਦੀ ਵਿਚ ਸੱਥ ਦੇ
ਜ਼ੈਲਦਾਰ ਦੀ ਦਾਹੜੀ।

ਚਾਂਦੀ ਦੇ ਛਣਕਦੇ ਰੁਪਿਆਂ ਨਾਲ ਜ਼ੈਲਦਾਰ ਦੀ ਇਜ਼ਤ ਬਚਾ ਲਈ ਗਈ। ਪਰਤਾਪੀ ਬਰਾਮਦ ਨਾ ਹੋ ਸਕੀ। ਰਾਮ ਰਤਨ ਸਬਰ ਦਾ ਘੁਟ ਭਰਕੇ ਬਹਿ ਗਿਆ।

ਕਾਕਾ ਕਿਰਪਾਲ ਸਿੰਘ ਦੇ ਮਾਪੇ ਅਪਣੀ ਬਹੁਤ ਬੇ-ਇਜ਼ਤੀ ਸਮਝਦੇ ਸਨ, ਉਨ੍ਹਾਂ ਕਿਰਪਾਲ ਸਿੰਘ ਨੂੰ ਨਾਭੇ ਵਿਖੇ ਹੀਰਾ ਸਿੰਘ ਦੇ ਰਸਾਲੇ ਵਿਚ ਭਰਤੀ ਕਰਵਾ ਦਿੱਤਾ। ਕਾਕੇ ਨੇ ਪਰਤਾਪੀ, ਪਰਤਾਪੀ ਦੇ ਨਾਨਕੀਂ ਛੱਡ ਆਂਦੀ। ਪਰਤਾਪੀ ਵਿਛੋੜੇ ਦੀ ਅਗਨੀ ਵਿਚ ਸੜਦੀ ਹੋਈ ਨਾਨਕਿਆਂ ਤੋਂ ਲੋਪੋਂ ਆ ਗਈ :—

ਕੁੱਠੀ ਰੰਨ ਫਰਾਕ ਦੀ, ਲੋਪੋਂ ਆਣ ਬੜੀ।
ਪਿੰਡ ਨਾਨਕਾ ਛੱਡਿਆ, ਪੈ ਗਈ ਰੰਨ ਅੜੀ।
ਪੰਧ ਉਡੀਕੇ ਯਾਰ ਦਾ, ਦਿਨ ਤੇ ਰਾਤ ਖੜੀ।
ਘੂਰੇ ਜਾਕੇ ਘਰਦਿਆਂ, ਮਾਈ ਨਾਲ ਲੜੀ।

ਛਡ ਗਏ ਰਾਜੇ ਵਾਲੀਏ, ਕੀ ਮੈਂ ਕਰਾਂ ਸੜੀ।
ਟੂੰਬਾਂ ਲੈ ਗਏ ਮੇਰੀਆਂ, ਬਿੰਦੀ ਨਥ ਕੜੀ।
ਦਿਨ ਕਟੇ ਮੈਂ ਨਾਨਕੀ, ਦੇਵੇ ਰੰਨ ਤੜੀ।
ਛੁਟਦਾ ਨਾ ਪਿੰਡ ਮਾਪਿਆਂ, ਪਾਈ ਸੀਸ ਜੜੀ।
ਜੇ ਮੈਂ ਜਾਂਦੀ ਹੋਰ ਥੈਂ, ਪੁਟਦੇ ਲੋਕ ਖੜੀ।
ਕੱਠਾ ਹੋਇਆ ਕੋੜਮਾ, ਸਾਵਣ ਵਾਂਙ ਝੜੀ।
ਦੇਣ ਦਲਾਸਾ ਆਣਕੇ, ਧੀਏ ਰਖ ਮੁੜੀ।
ਇਜ਼ਤ ਸਾਡੀ ਰੱਖ ਤੂੰ, ਨਾ ਕਰ ਹੋਰ ਅੜੀ।
ਜ਼ਾਤ ਬੁਰੀ ਸੁਨਿਆਰਿਆਂ ਨਾ ਛਡ ਦੇਣ ਨੜੀ।
ਝੂਠੇ ਸੁੱਚੇ ਮੋਤੀਆਂ, ਬਣੇ ਨਾ ਇਕ ਲੜੀ।

(ਗੁਰਦਿਤ ਸਿੰਘ)

ਇਥੇ ਆ ਗੋਕਲ ਚੰਦ ਇਸ ਕਹਾਣੀ ਨੂੰ ਇਕ ਹੋਰ ਮੋੜਾ ਦਿੰਦਾ ਹੈ। ਉਸ ਅਨੁਸਾਰ ਪਰਤਾਪੀ ਰਾਮ ਰਤਨ ਨੂੰ ਲੋਪੋਂ ਸਦਵਾਉਂਦੀ ਹੈ ਤੇ ਨਾਭੇ ਪਹਾਰਾ (ਸੁਨਿਆਰਾਂ ਦੇ ਕੰਮ ਕਰਨ ਦਾ ਅੱਡਾ) ਖੋਹਲਣ ਦੀ ਸ਼ਰਤ ਤੇ ਉਹਦੇ ਨਾਲ ਜਾਣ ਲਈ ਤਿਆਰ ਹੋ ਜਾਂਦੀ ਹੈ :—

ਪਰਤਾਪੀ ਸਦਿਆ ਪਰਾਹੁਣਾ
ਸੁਹਰੀਂ ਪੈਰ ਨਾ ਟਕਾਉਣਾ
ਮੈਨੂੰ ਘਰ ਜੇ ਬਸਾਉਣਾ
ਨਾਭੇ ਘੱਤ ਲੈ ਪਹਾਰਾ ਵੇ।
ਦਿੰਨੀਆਂ ਤੈਨੂੰ ਮੱਤ
ਤੂੰ ਪਹਾਰਾ ਨਾਭੇ ਘੱਤ
ਖਟ ਆਨੇ ਪੰਜ ਸੱਤ
ਆਪਾਂ ਕਰਾਂਗੇ ਗੁਜਾਰਾ ਵੇ।

ਪਰ ਸੁਨਿਆਰ ਨੇ ਨਾਭੇ ਜਾਕੇ ਪਹਾਰਾ ਨਾ ਖੋਲ੍ਹਿਆ। ਨਾਭੇ ਤੋਂ ਪਰਤਾਪੀ ਨੂੰ ਕਾਕੇ ਦੇ ਸੁਖ ਸੁਨੇਹੇ ਪੁਜਦੇ ਰਹੇ। ਪਰਤਾਪੀ ਹੁਣ ਨਾਭੇ ਕਾਕੇ ਕੋਲ ਨਸ ਜਾਣ

ਦੀਆਂ ਵਿਉਂਤਾਂ ਪਈ ਬਣਾਉਂਦੀ ਸੀ। ਉਹਨੇ ਅਪਣੀ ਸਹੇਲੀ ਭੋਲੀ ਨੂੰ ਸਭ ਕੁਝ ਦਸ ਦਿੱਤਾ। ਭੋਲੀ ਨੇ ਅੱਗੋਂ ਦਲੇਲ ਨੂੰ ਭਣਿਕ ਦੇ ਦਿੱਤਾ। ਦਲੇਲ ਨੇ ਰੁਪਾਲੋਂ ਜਾ ਕਾਕੇ ਦੀ ਮਾਂ ਅਤਰੀ ਨੂੰ ਦਸ ਦਿੱਤਾ। ਅਤਰੀ ਨਹੀਂ ਸੀ ਚਾਹੁੰਦੀ ਕਿ ਪਰਤਪੀ ਕਾਕੇ ਪਾਸ ਨਾਭੇ ਜਾਵੇ। ਅਪਣੇ ਖਾਨਦਾਨ ਦੀ ਇਜ਼ਤ ਬਚਾਉਣ ਲਈ ਉਹਨੇ ਦਲੇਲ ਨੂੰ ਪੰਜ ਸੌ ਰੁਪਏ ਦਾ ਲਾਲਚ ਦੇ ਕੇ ਪਰਤਾਪੀ ਨੂੰ ਜਾਨੋਂ ਮਾਰ ਦੇਣ ਦਾ ਇਕਰਾਰ ਲੈ ਲਿਆ। ਅੱਗੋਂ ਦਲੇਲ ਨੇ ਚੱਕ ਪਿੰਡ ਦੇ ਸਯਦ ਮੁਹੰਮਦ ਸ਼ਾਹ ਨੂੰ ਅਪਣਾ ਭਾਈਵਾਲ ਬਣਾ ਲਿਆ।

ਉਨ੍ਹਾਂ ਪਰਤਾਪੀ ਨੂੰ ਮਾਰਨ ਦੀ ਸਕੀਮ ਬਣਾਈ। ਇਕ ਰਾਤ ਦਲੇਲ ਨੇ ਝੂਠੀਆਂ ਸੁਗੰਧਾਂ ਖਾਕੇ ਪਰਾਪਤੀ ਨੂੰ ਨਾਲ ਤੋਰ ਲਿਆ :—

ਗੁਜਰ ਜਾਕੇ ਆਖਦਾ ਨਢੀ ਪਾਸ ਪੁਕਾਰ।
ਕਾਕਾ ਤੇਰੇ ਇਸ਼ਕ ਨੇ ਕੀਤਾ ਬੜਾ ਲਾਚਾਰ
ਮਨੂੰ ਕਸਮ ਰਸੂਲ ਦੀ ਮੈਂ ਘਲਿਆ ਸਰਦਾਰ।
ਤੇਰੇ ਬਦਲੇ ਓਸ ਨੂੰ ਲੋਕੀ ਦੇਂਦੇ ਖਾਰ।
ਤੂੰ ਬੈਠੀ ਘਰ ਆਪਣੇ ਦਿੱਤਾ ਯਾਰ ਵਿਸਾਰ।
ਹੁਣ ਮੈਨੂੰ ਉਹਨੇ ਆਪ ਨੀ ਘਲਿਆ ਤੇਰੇ ਬਾਰ।
ਆਪੇ ਆਇਆ ਲੈਣ ਨੀ ਕਰਕੇ ਫਿਕਰ ਹਜ਼ਾਰ।
ਨਾ ਬੜਿਆ ਘਰ ਆਪਣੇ ਬੈਠਾ ਸੜਕੋਂ ਪਾਰ।
ਮੈਨੂੰ ਉਸ ਨੇ ਭੇਜਿਆ ਟੇਸਣ ਦਾ ਇਕਰਾਰ
(ਗੁਰਦਿਤ ਸਿੰਘ)

ਮਾਹੀ ਦਾ ਸੱਦਾ ਸੁਣ ਉਹ ਖਿੜੇ ਫੁਲ ਵਾਕਰ ਖਿੜ ਜਾਂਦੀ ਹੈ :—

ਖ਼ੁਸ਼ੀ ਹੋਈ ਦਿਲ ਰੰਨ ਦੇ, ਖਬਰ ਸੁਣੀ ਜਦ ਯਾਰ।
ਵਾਂਗ ਚੰਬੇਲੀ ਖਿੜ ਗਈ, ਚੇਤਰ ਜਿਵੇਂ ਬਹਾਰ
ਕਰਿਆ ਰੰਨ ਯਕੀਨ ਉਸ, ਸੱਚ ਮਨ ਬੈਠੀ ਨਾਰ।
ਖਬਰ ਨਾ ਮੰਨ ਦੇ ਪਾਪ ਦੀ ਗੁਜਰ ਦੇ ਦਿਲ ਖਾਰ।
(ਗੁਰਦਿਤ ਸਿੰਘ)

ਪੱਛਮ ਵਲ ਸੂਰਜ ਦੀ ਲਾਲੀ ਕਾਲੋਂ ਦਾ ਰੂਪ ਧਾਰ ਰਹੀ ਸੀ। ਟਿਮਟ-ਮਾਂਦੇ ਤਾਰੇ ਲੁਕਣ ਮੀਟੀ ਖੇਡਣ ਲੱਗ ਪਏ ਸਨ। ਦਲੇਲ ਵਿਛੜੀ ਕੂੰਜ ਨੂੰ ਨਾਲ ਲੈ 'ਚਾਵਾ ਪੈਲ" ਸਟੇਸ਼ਨ ਨੂੰ ਤੁਰ ਪਿਆ। ਰੁਪਾਲੋਂ ਤੋਂ ਚਾਵਾ ਪੈਲ ਤੀਕਰ ਇਕ ਮੀਲ ਟਿੱਬੇ ਹੀ ਟਿੱਬੇ ਸਨ। ਪਰ ਪਰਤਾਪੀ ਟਿੱਬਿਆਂ ਦੀ ਕੋਈ ਪਰਵਾਹ ਨਹੀਂ ਸੀ ਕਰ ਰਹੀ। ਪਿਆਰੇ ਦੇ ਮਿਲਾਪ ਲਈ ਦਿਲ ਬਿਹਬਲ ਹੋ ਰਿਹਾ ਸੀ। ਇਧਰ ਜਗੀਰਦਾਰਾਂ ਦੀ ਇਜ਼ਤ ਬਚਾਉਣ ਦੇ ਉਪਰਾਲੇ......ਧੋਖਾ......ਧਕੇਸ਼ਾਹੀ......

ਟਿੱਬੇ ਦੇ ਵਿਚ ਜਾ ਬੜੇ, ਉਤੋਂ ਰਾਤ ਗੁਬਾਰ।
ਖਬਰ ਨਾ ਕੋਈ ਰੰਨ ਨੂੰ, ਹੈ ਕਰਮਾਂ ਦੀ ਹਾਰ।

ਮਨ ਵਿਚ ਰੰਨ ਦੇ ਹੌਸਲਾ, ਕਦਮ ਧਰੇ ਇਕਸਾਰ।
ਦਿਲ ਵਿਚ ਲੱਡੂ ਫੁਟਦੇ, ਮਿਲਣਾ ਕਾਕੇ ਯਾਰ।

ਆਖੇ ਅਜ ਦਲੇਲ ਵੇ, ਤੈਂ ਮੈਂ ਦਿੱਤੀ ਤਾਰ।
ਦਰਸ਼ਣ ਹੋਵੇ ਪੀਆ ਦਾ, ਬੇੜੇ ਹੋਵਣ ਪਾਰ।

ਖਬਰ ਨਾ ਕੋਈ ਪਾਪ ਦੀ, ਗੁੱਜਰ ਵਿਚ ਹੰਕਾਰ।
ਸੀਟੀ ਮਾਰ ਦਲੇਲ ਨੇ, ਸਯਦ ਕੀਤੀ ਸਾਰ।

ਦੂਰੋਂ ਆਇਆ ਕੁਦਕੇ, ਸਯਦ ਖਾਕੇ ਖਾਰ।
ਟਪਦਾ ਵਾਂਙੂ ਭੂਤਨੇ, ਕਰਦਾ ਮਾਰੋ ਮਾਰ।

ਘੇਰਾ ਪਾਕੇ ਅਗਿਓਂ ਬੋਲ ਪਿਆ ਲਲਕਾਰ।
ਫੜ ਲੈ ਰੰਨ ਦਲੇਲ ਤੂੰ ਟੁਕੜੇ ਕਰਦੇ ਚਾਰ।

ਸੁਣਕੇ ਰਮਜ਼ ਦਲੇਲ ਨੇ, ਖਿਚ ਲਈ ਤਲਵਾਰ।
ਸਹਿਮ ਗਈ ਜਿੰਦ ਰੰਨ ਦੀ, ਫਿਰੀ ਕਲੇਜੇ ਤਾਰ।
ਦਿਲ ਵਿਚ ਸਮਝੇ ਓਸ ਨੇ, ਹਸਦੇ ਦੋਵੇਂ ਯਾਰ।
ਹਸਕੇ ਕਹੇ ਦਲੇਲ ਨੂੰ "ਦੂਜਾ ਕੌਣ ਪੁਕਾਰ।"
ਗੁਜਰ ਆਖੇ ਅਗਿਓਂ, "ਤੇਰੀ ਮਾਂ ਦਾ ਯਾਰ।"
ਆ ਗਿਆ ਤੈਨੂੰ ਲੈਣ ਨੂੰ, ਹੋਕੇ ਜਮ ਅਸਵਾਰ।

ਮੈਨੂੰ ਨਾ ਮੀ ਜਾਣਦੀ, ਦਿੱਤਾ ਪਟ ਸਰਦਾਰ ।
ਭਜਲੈ ਜਿੱਥੇ ਭਜਣਾ, ਤੈਨੂੰ ਦੇਣਾ ਮਾਰ ।
ਸਹੁਰੇ ਪਿਓਕੇ ਛਡਕੇ ਕਾਕਾ ਕੀਤਾ ਯਾਰ ।
ਆਣ ਛੁਡਾਵੇ ਅਸਾਂ ਤੇ, ਸਦ ਲੈ ਕੂਕਾਂ ਮਾਰ ।

(ਗੁਰਦਿਤ ਸਿੰਘ)

ਕਾਲੀ ਬੋਲੀ ਰਾਤ ਵਿਚ ਦੋਨੋਂ ਨੰਗੀਆਂ ਤਲਵਾਰਾਂ ਲੈ ਪਰਤਾਪੀ ਦੇ ਦੁਆਲੇ ਹੋ ਗਏ । ਬੇ-ਵਸ ਹਰਨੀ ਨੇ ਤਰਲੇ ਕੀਤੇ, ਹਾੜੇ ਕਢ੍ਹੇ ਆਪਣੇ ਪਿੰਡ ਦਾ ਵੀ ਵਾਸਤਾ ਪਾਇਆ । ਪਿੰਡ ਦਾ ਤਾਂ ਕੁੱਤਾ ਵੀ ਮਾਣ ਨਹੀਂ ਹੁੰਦਾ :—

ਨਾਂ ਮਾਰੀਂ ਵੇ ਦਲੇਲ ਗੁੱਜਰਾ
ਮੈਂ ਲੋਪੋਂ ਦੀ ਸੁਨਿਆਰੀ ।

(ਲੋਕ-ਗੀਤ)

ਪਰ ਅੰਨ੍ਹੇ ਲਾਲਚ ਤੇ ਸਰਦਾਰਾਂ ਦੀ ਇਜ਼ਤ ਨੇ ਪਰੀਆਂ ਵਰਗੀ ਪਰਤਾਪੀ ਦੇ ਟੋਟੇ ਕਰਵਾ ਦਿੱਤੇ —

ਕਰੀ ਅਰਜੋਈ ਨਾ ਦਰਦ ਮੰਨਿਆ
ਪਾਪ ਉੱਤੇ ਲੱਕ ਪਾਪੀਆਂ ਨੇ ਬੰਨ੍ਹਿਆਂ
ਕਰਦੇ ਹਲਾਲ ਜਿਤ੍ਹੋਂ ਕਸਾਈ ਬਕਰੇ ।
ਗੁਜਰ ਦਲੇਲ ਨੇ ਬਣਾਏ ਡਕਰੇ ।

(ਗੋਕਲ ਚੰਦ)

ਕਈ ਦਿਨ ਲੰਘਣ ਤੇ ਪਰਤਾਪੀ ਦੀ ਭਾਲ ਸ਼ੁਰੂ ਹੋਈ । ਲੋਕੀ ਸਮਝਦੇ ਸਨ ਕਿ ਪਰਤਾਪੀ ਕਾਕੇ ਨਾਲ ਨਾਭੇ ਨਸ ਗਈ ਹੈ । ਏਧਰ ਕਾਕਾ ਅਡ ਤਰਲੋਂ ਮੱਛੀ ਹੋ ਰਿਹਾ ਸੀ । ਇਸ ਪਰਕਾਰ ਛੇ ਮਹੀਨੇ ਲੰਘ ਗਏ । ਖ਼ੂਨ ਕਦ ਤੀਕਰ ਛੁਪਾਏ ਜਾ ਸਕਦੇ ਹਨ ! ਆਖਰ ਰੁਪਾਲੋਂ ਪਿੰਡ ਦੇ ਚਾਰ ਪੰਜ ਮੁਖਬਰਾਂ ਥਾਣੇ ਰੀਪੋਟ ਦਰਜ ਕਰਵਾ ਦਿੱਤੀ । ਪਰਤਾਪੀ ਦਾ ਦੋਸ਼ ਜ਼ੈਲਦਾਰ ਕਾਹਨ ਸਿੰਘ ਹੋਰਾਂ ਸਿਰ ਲਾ ਦਿੱਤਾ । ਪੁਲਸ ਆ ੀ । ਸਾਰੇ ਪਿੰਡ ਦੀ ਮਾਰ ਕੁਟਾਈ ਕੀਤੀ ਗਈ ਪਰ

ਪਰਤਾਪੀ ਦਾ ਕਿਧਰੇ ਥਹੁ ਪਤਾ ਨਾ ਲੱਗਾ।

ਅੰਗਰੇਜ਼ ਬਾਰਬਟਣ ਜਿਹੜਾ ਉਸ ਸਮੇਂ ਜ਼ਿਲਾ ਲੁਧਿਆਣੇ ਵਿਚ ਸੀ: ਆਈ: ਡੀ: ਵਿਭਾਗ ਦਾ ਸੁਪਰਡੈਂਟ ਸੀ ਏਸ ਕੇਸ ਦੀ ਪੜਤਾਲ ਵਾਸਤੇ ਰੁਪਾਲੋਂ ਆਇਆ। ਨਾਲ ਉਸ ਦੇ ਸੌ ਸਿਪਾਹੀ ਸਨ। ਉਸ ਆਲੇ ਦੁਆਲੇ ਦੇ ਸਾਰੇ ਪਿੰਡ ਸਦ ਲਏ, ਪਰ ਫੇਰ ਵੀ ਕੁਝ ਪਤਾ ਨਾ ਲੱਗਿਆ। ਬਾਰਬਟਣ ਹੁਸ਼ਿਆਰ ਬਹੁਤ ਸੀ। ਉਹ ਸ਼ਾਮ ਨੂੰ ਔਰਤਾਂ ਵਾਲੇ ਕਪੜੇ ਪਾਕੇ ਬਾਹਰ ਬੈਠੀਆਂ ਔਰਤਾਂ ਕੋਲ ਜਾ ਬਹਿੰਦਾ ਤੇ ਉਨ੍ਹਾਂ ਦੀਆਂ ਗੱਲਾਂ ਸੁਣਦਾ ਰਹਿੰਦਾ। ਇਕ ਦਿਨ ਉਹਨੂੰ ਪਰਤਾਪੀ ਦੇ ਭੋਲੀ ਨਾਲ ਸਹੇਲਪਣੇ ਦਾ ਪਤਾ ਲੱਗ ਗਿਆ। ਭੋਲੀ ਫੜ ਲਈ ਗਈ। ਉਹਨੇ ਪਰਤਾਪੀ ਦੇ ਦਲੇਲ ਨਾਲ ਨਾਭੇ ਜਾਣ ਦੀ ਗਲ ਦਸ ਦਿੱਤੀ। ਦਲੇਲ ਗੁੱਜਰ ਫੜ ਲਿਆ ਗਿਆ। ਗੁੱਜਰ ਨੇ ਵਾਅਦਾ-ਮੁਆਫ਼ ਗੁਆਹ ਬਣ ਕੇ ਸਾਰੀ ਘਟਨਾ ਦਸ ਦਿੱਤੀ।

ਕਾਕਾ ਕ੍ਰਿਪਾਲ ਸਿੰਘ ਦੀ ਮਾਂ ਅਤਰੀ ਅਤੇ ਸਯਦ ਮੁਹੰਮਦ ਸ਼ਾਹ ਹੋਰੀਂ ਫੜ ਲਏ ਗਏ।

ਹੁਣ ਸੁਆਲ਼ ਪਰਤਾਪੀ ਦੀ ਲਾਸ਼ ਲੱਭਣ ਦਾ ਸੀ। ਦਲੇਲ ਦੇ ਦੱਸੇ ਪਤੇ ਤੇ "ਹਾਥੀ ਵਾਲੇ" ਟਿੱਬੇ ਦੀ ਪੁਟਾਈ ਸ਼ੁਰੂ ਹੋਈ। ਆਲੇ ਦੁਆਲੇ ਦੇ ਪਿੰਡਾਂ ਨੇ ਜਿਸ ਵਿਚ ਮੇਰੇ ਪਿੰਡ ਦੇ ਲੋਕ ਵੀ ਸ਼ਾਮਲ ਸਨ— ਟਿੱਬੇ ਦੀ ਪੁਟਾਈ ਵਿਚ ਮਦਦ ਕੀਤੀ। ਆਖਰ ਪਰਤਾਪੀ ਦੇ ਹੱਡ ਲਭ ਹੀ ਪਏ। ਇਸ ਹੱਡ ਲਭਣ ਦੀ ਵਾਰਤਾ ਨੂੰ ਹਾਲੀ ਤੀਕਰ ਸਾਡੇ ਇਲਾਕੇ ਦੇ ਇਕ ਲੋਕ–ਗੀਤ ਨੇ ਸਾਂਭੀ ਰਖਿਆ ਹੈ :-

ਹੱਡ ਪਰਤਾਪੀ ਦੇ
ਬਟਨ ਸਾਹਿਬ ਨੇ ਟੋਲੇ।

ਅਦਾਲਤ ਵਿਚ ਮੁਕਦਮਾ ਚਲਿਆ। ਸਯਦ ਮੁਹੰਮਦ ਸ਼ਾਹ ਨੂੰ ਫਾਂਸੀ ਅਤੇ ਕਾਕੇ ਦੀ ਮਾਂ ਅਤਰੀ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਦਲੇਲ ਗੁਜਰ ਵਾਅਦਾ ਮੁਆਫ ਗੁਆਹ ਹੋਣ ਦੇ ਕਾਰਨ ਛੱਡ ਦਿੱਤਾ ਗਿਆ। ਬਜ਼ੁਰਗ ਦਸਦੇ

ਹਨ ਕਿ ਇਸ ਮੁਕਦਮੇ ਤੋਂ ਇਕ ਮਹੀਨਾ ਮਗਰੋਂ ਇਕ ਬਦਲਬਾਈ ਵਾਲੇ ਦਿਨ ਗੁੱਜਰ ਵੱਗ ਚਾਰ ਰਿਹਾ ਸੀ। ਜਦ ਉਹ ਵਗ ਚਰਾਂਦਾ ਚਰਾਂਦਾ ਪਰਤਾਪੀ ਦੇ ਮਰਨ ਦੀ ਥਾਂ ਤੇ ਪੁੱਜਾ ਤਾਂ ਅਸਮਾਨ ਤੋਂ ਕੜਕਦੀ ਬਿਜਲੀ ਉਸ ਉੱਤੇ ਪੈ ਗਈ ਤੇ ਉਹ ਉਸੇ ਥਾਂ ਖਖੜੀ ਖਖੜੀ ਹੋ ਗਿਆ।

# ਸੋਹਣ ਨੈਣੀ

ਸੋਹਣਾ ਤਰਫ਼ ਜ਼ੈਨੀ ਦੀ ਵੇਖੇ
ਦੂਰੋਂ ਲਾ ਨਜ਼ੀਰਾਂ
ਇਸ਼ਕ ਰਚੇ ਜਦ ਹੱਡਾਂ ਅੰਦਰ
ਚਲਦੀਆਂ ਨਹੀਂ ਤਦਬੀਰਾਂ
ਆਸ਼ਕ ਹੋਇਆ ਜ਼ੈਨੀ ਉਪਰ
ਸੋਹਣਾ ਦਿਲੋਂ ਜ਼ੁਬਾਨੋਂ
ਹੁਸ਼ਨ ਜ਼ੈਨੀ ਦਾ ਦਿਲ ਵਿਚ ਪੁੜਿਆ
ਛੁੱਟਾ ਤੀਰ ਕਮਾਨੋਂ ।

(ਪਾਹਸ਼ ਅਲੀ)

**ਸੋ**ਹਣਾ ਜ਼ੈਨੀ, ਸੋਹਣੀ ਦੇ ਦੇਸ਼ ਗੁਜਰਾਤ ਦੀ ਇਕ ਹੋਰ ਪ੍ਰੀਤ ਕਹਾਣੀ ਹੈ। ਸੋਹਣੀ ਆਪਣੇ ਪ੍ਰੇਮੀ ਮਹੀਂਵਾਲ ਲਈ ਕੱਚੇ ਘੜੇ ਉੱਤੇ ਝਨਾਂ ਦੀਆਂ ਖ਼ੂਨੀ ਲਹਿਰਾਂ ਵਿਚ ਠਿਲ੍ਹ ਪਈ ਸੀ, ਏਧਰ ਸੋਹਣਾ ਆਪਣੀ ਪ੍ਰੇਮਕਾ ਜ਼ੈਨੀ ਲਈ ਜ਼ਹਿਰੀਲੇ ਸੱਪਾਂ ਦਾ ਡੰਗ ਸਹਾਰਦਾ ਹੈ।

ਇਸ ਕਹਾਣੀ ਬਾਰੇ ਮੈਨੂੰ ਹੇਠ ਲਿਖੇ ਤਿੰਨ ਕਿੱਸੇ ਮਿਲੇ ਹਨ :-

੧. ਸੋਹਣਾ ਵਾ ਜ਼ੈਨੀ ਕ੍ਰਿਤ ਖਾਹਸ਼ ਅਲੀ

੨. ਸੋਹਣਾ ਤੇ ਜ਼ੈਨੀ ਕ੍ਰਿਤ ਕਵੀ ਜਲਾਲ

੩. ਸੋਹਣਾ ਤੇ ਜ਼ੈਨੀ ਜੋਗਨ ਕ੍ਰਿਤ ਬਖਸ਼ੀ ਈਸਾਈ

ਇਨ੍ਹਾਂ ਕਿੱਸਿਆਂ ਤੋਂ ਇਸ ਪ੍ਰੀਤ ਕਥਾ ਦੇ ਵਾਪਰਨ ਦੇ ਸਮੇਂ ਦਾ ਸਹੀ ਪਤਾ ਨਹੀਂ ਲਗ ਰਿਹਾ। ਕਵੀ ਜਲਾਲ, ਜਿਹੜਾ ਜ਼ਿਲਾ ਸਿਆਲਕੋਟ ਦਾ ਰਹਿਣ ਵਾਲਾ ਸੀ, ਅਪਣੇ ਕਿੱਸੇ ਨੂੰ ੮ ਜਨਵਰੀ ੧੯੩੧ ਈਸਵੀ ਨੂੰ ਲਿਖਕੇ ਸਮਾਪਤ ਕਰਦਾ ਹੈ। ਬਖਸ਼ੀ ਈਸਾਈ ਤੇ ਮੁਨਸ਼ੀ ਖਾਹਸ਼ ਅਲੀ ਅਪਣੇ ਕਿੱਸੇ ਲਿਖਣ ਦੀ ਕੋਈ ਮਿਤੀ ਨਹੀਂ ਦਸ ਰਹੇ। ਉਂਜ ਇਨ੍ਹਾਂ ਦਾ ਕਾਲ ਵੀਹਵੀਂ ਸਦੀ ਹੀ ਹੈ।

ਇਨ੍ਹਾਂ ਕਿੱਸਿਆਂ ਦੇ ਅਧਿਐਨ ਤੋਂ ਇਹੀ ਪਤਾ ਲਗਦਾ ਹੈ ਕਿ ਖਾਹਸ਼ ਅਲੀ ਨੇ ਸਭ ਤੋਂ ਪਹਿਲਾਂ ਕਿਸੇ ਪੁਰਸ਼ ਪਾਸੋਂ ਇਸ ਕਹਾਣੀ ਨੂੰ ਸੁਣਿਆ ਤੇ ਮਗਰੋਂ

ਕਿੱਸਾ ਲਿਖ ਦਿਤਾ। ਕਵੀ ਜਲਾਲ ਤੇ ਬਖਸ਼ੀ ਈਸਾਈ ਨੇ ਥੋੜ੍ਹੀ ਥੋੜ੍ਹੀ ਅਦਲਾ ਬਦਲੀ ਨਾਲ ਅਪਣੇ ਕਿੱਸੇ ਲਿਖੇ ਹਨ। ਖਾਹਸ਼ ਅਲੀ ਅਪਣੇ ਕਿੱਸੇ ਦੀ ਵਾਹਦ ਤਸਨੀਫ ਬਾਰੇ ਆਪ ਲਿਖਦਾ ਹੈ :—

ਪੰਜ ਪਹਾੜ ਦਿਹਾੜੀ ਵੇਹਲਿਆਂ ਲੰਘਦੀ ਮੂਲ ਨਾ ਯਾਰਾ।
ਲਿੱਖੀਏ ਕੋਈ ਕਹਾਣੀ ਕਿੱਸਾ, ਸ਼ੌਕ ਲੱਗਾ ਦਿਲ ਭਾਰਾ।
ਉਚਰਾਂ ਨੂੰ ਆ ਪਹੁੰਚਿਆ ਓਥੇ ਮੇਰਾ ਦਿਲਬਰ ਜਾਨੀ।
ਈਦਾ ਨਾਮ ਤੇ ਗੁਜਰ ਜਤੋਂ ਬੰਦਾ ਬਹੁਤ ਗਿਆਨੀ।
ਔਂਦਿਆਂ ਹੀ ਉਸ ਦੋਸਤ ਮੇਰੇ ਵਾਹਵਾ ਗਲ ਸੁਣਾਈ।
ਗਲ ਕਰੀ ਚਕ ਵਿਚ ਗੱਲਾਂ ਦੇ ਚਿਣਗ ਚਵਾਤੀ ਲਾਈ।
ਜਿਉਂ ਜਿਉਂ ਸੁਣਾਵੇ ਅੱਗੋਂ ਮਜ਼ਾ ਜ਼ਿਆਦਾ ਆਵੇ।
ਲੂੰ ਲੂੰ ਦੇ ਵਿਚ ਇਸ਼ਕ ਸਮਾਵੇ ਛੇਕ ਕਲੇਜੇ ਪਾਵੇ।

੨

ਜ਼ਿਲਾ ਗੁਜਰਾਤ ਦੇ ਚੱਕ ਅੱਬਦੁੱਲਾ ਨਾਮੀ ਪਿੰਡ ਵਿਚ, ਉਸੇ ਪਿੰਡ ਦਾ ਮਾਲਕ ਅਬਦੁੱਲਾ ਰਿਹਾ ਕਰਦਾ ਸੀ। ਬੰਦਾ ਬੜਾ ਸਖੀ ਸੀ। ਘਰ ਵਿਚ ਕਿਸੇ ਚੀਜ਼ ਦੀ ਤੋਟ ਨਹੀਂ ਸੀ, ਜੇ ਤੋਟ ਸੀ ਤਾਂ ਔਲਾਦ ਦੀ। ਉਸ ਬੜੇ ਪੁੰਨ ਦਾਨ ਕੀਤੇ, ਮੰਨਤਾਂ ਮੰਨੀਆਂ। ਇਕ ਦਿਨ ਸੱਚੇ ਦਿਲੋਂ ਕੀਤੀ ਉਸਦੀ ਦੁਆ ਖੁਦਾ ਦੇ ਦਰ ਕਬੂਲ ਹੋ ਗਈ। ਰਹਿਮਤਾਂ ਵਰ੍ਹ ਪਈਆਂ ਤੇ ਉਸ ਨੂੰ ਸੱਚੇ ਰਸੂਲ ਦੇ ਦਰੋਂ ਤਿੰਨ ਪੁਤਰਾਂ ਦੀ ਦਾਤ ਮਿਲ ਗਈ। ਸੋਹਣਾ ਉਹਦਾ ਸਭ ਤੋਂ ਛੋਟਾ ਅਤੇ ਪਿਆਰਾ ਪੁੱਤਰ ਸੀ।

ਸੋਹਣਾ ਜਵਾਨ ਹੋ ਗਿਆ! ਸੋਹਣਾ ਸ਼ਿਕਾਰ ਖੇਡਣ ਲਗ ਪਿਆ!

ਇਕ ਦਿਨ ਸੋਹਣਾ ਸ਼ਿਕਾਰ ਖੇਡਦਾ ਖੇਡਦਾ ਅਪਣੇ ਖੂਹੇ ਤੇ ਜਾ ਪੁਜਿਆ। ਖੂਹ ਦੇ ਨੇੜੇ ਹੀ ਜੋਗੀਆਂ ਦਾ ਡੇਰਾ ਉਤਰਿਆ ਹੋਇਆ ਸੀ। ਉਸ ਡੇਰੇ ਦੇ ਨੰਬਰਦਾਰ ਸਮਰ ਨਾਥ ਦੀ ਅਲਬੇਲੀ ਧੀ ਜ਼ੈਨੀ ਆਪਣੀ ਸਹੇਲੀ ਚੰਦਾਂ ਨਾਲ ਖੂਹੇ ਤੇ ਪਾਣੀ ਪਈ ਭਰੇਂਦੀ ਸੀ, ਜ਼ੈਨੀ ਦਾ ਰੂਪ ਬਣ ਬਣ ਪੈਂਦਾ ਸੀ :

ਸੋਹਣੀ ਸੂਰਤ ਬਦਨ ਦੀ ਪਿਆਰੀ
ਜਿਉਂ ਮਖਣ ਦਾ ਪੇੜਾ।
ਚਸ਼ਮ ਉਘਾੜ ਤੱਕੇ ਉਹ ਜਿਤਵਲ
ਉੜਨੇ ਵਾਲਾ ਕਿਹੜਾ।
ਪਲਕਾਂ ਤੀਰ ਲਗਣ ਵਿਚ ਸੀਨੇ
ਅਥਰੂ ਸਖਤ ਕਮਾਨਾਂ।
ਇਕ ਨਜ਼ਰ ਥੀਂ ਘਾਇਲ ਹੋਵਨ
ਲਖ ਕਰੋੜਾਂ ਜਾਨਾਂ।
ਪਤਲੇ ਹੋਂਠ ਤੇ ਸੁਰਖ ਵਧੇਰੇ
ਦੰਦ ਸਫੈਦ ਉਜਾਲੇ।
ਲਾਲ ਬਦਖਸ਼ਾਂ ਸੁੱਚੇ ਮੋਤੀ
ਕੱਠੇ ਰਖ ਵਖਾਲੇ।
ਜ਼ੁਲਫਾਂ ਰਾਤ ਹਨੇਰੀ ਵਾਂਗੂੰ
ਤੇ ਮੁਖ ਰੋਜ਼ ਉਜਾਲਾ।
ਦਿਨ ਤੇ ਰਾਤ ਇਕੱਠੇ ਕੀਤੇ
ਕੁਦਰਤ ਰਬ ਤਾਅਲਾ।

(ਕਵੀ ਜਲਾਲ)

ਸੋਹਣਾ ਜ਼ੈਨੀ ਦੇ ਹੁਸਨ ਦੀ ਤਾਬ ਨਾ ਝਲ ਸਕਿਆ। ਉਹ ਜ਼ੈਨੀ ਦਾ ਹੋ ਗਿਆ :—

ਸੋਹਣਾ ਤਰਫ ਜ਼ੈਨੀ ਦੀ ਵੇਖੇ ਦੂਰੋਂ ਲਾ ਨਜ਼ੀਰਾਂ।
ਇਸ਼ਕ ਰਚੇ ਜਦ ਹੱਡਾਂ ਅੰਦਰ ਚਲਦੀਆਂ ਨਹੀਂ ਤਦਬੀਰਾਂ।
ਆਸ਼ਕ ਹੋਇਆ ਜ਼ੈਨੀ ਉਪਰ ਸੋਹਣਾ ਦਿਲੋਂ ਜਬਾਨੋਂ।
ਹੁਸਨ ਜ਼ੈਨੀ ਦਾ ਦਿਲ ਵਿਚ ਪੁੜਿਆ ਛੁਟਾ ਤੀਰ ਕਮਾਨੋਂ।

(ਖਾਹਸ਼ ਅਲੀ)

ਚੰਦਾਂ ਤੇ ਜੈਨੀ ਪਾਣੀ ਦੇ ਘੜੇ ਭਰਕੇ ਮਲਕੜੇ ਮਲਕੜੇ ਪੈਲਾਂ ਪਾਂਦੀਆਂ ਡੇਰੇ ਵਿਚ ਜਾ ਵੜੀਆਂ। ਸੋਹਣਾ ਜ਼ੈਨੀ ਦੀ ਮਿੱਠੀ ਤੇ ਨਿੱਘੀ ਨੁਹਾਰ ਦਾ ਰਾਂਗਲਾ ਸੁਪਨਾ ਆਪਣੇ ਮਧ ਭਰੇ ਨੈਣਾਂ ਵਿਚ ਸਮੋ ਘਰ ਪਰਤ ਆਇਆ। ਜ਼ਿੰਦਗੀ ਦੀ ਹਰ ਸ਼ੈ ਹੁਣ ਉਸ ਨੂੰ ਪਿਆਰੀ ਪਿਆਰੀ, ਖੁਸ਼ ਖੁਸ਼ ਜਾਪਦੀ ਸੀ। ਹਰ ਪਾਸੇ ਉਹਨੂੰ ਪਿਆਰੀ ਜ਼ੈਨੀ ਪਈ ਨਜ਼ਰ ਆਉਂਦੀ ਸੀ।

ਸਾਰੀ ਰਾਤ ਉਹ ਸੁਨਿਹਰੀ ਸੁਪਨੇ ਉਸਾਰਦਾ ਰਿਹਾ। ਸਵੇਰ ਹੁੰਦਿਆਂ ਹੀ ਸੋਹਣਾ ਡੇਰੇ ਵਲ ਉਠ ਤੁਰਿਆ। ਖੂਹੇ ਤੇ ਪੁਜਿਆ ਤਾਂ ਕੀ ਵੇਖਦਾ ਹੈ ਕਿ ਡੇਰੇ ਵਾਲੀ ਥਾਂ ਭਾਂ ਭਾਂ ਪਈ ਕਰਦੀ ਹੈ! ਜੋਗੀ ਰਾਤੋ ਰਾਤ ਅਗਾਂਹ ਟੁਰ ਗਏ ਸਨ!

ਸੋਹਣੇ ਦੇ ਕਾਲਜੇ ਚੋਂ ਰੁਗ ਭਰਿਆ ਗਿਆ। ਜ਼ੈਨੀ ਉਹਦਾ ਸਭ ਕੁਝ ਖਸਕੇ ਲੈ ਗਈ। ਉਹ ਉਹਦੇ ਵਿਯੋਗ ਵਿਚ ਪਾਗਲ ਜਿਹਾ ਹੋ ਗਿਆ। ਪਿਆਰੇ ਦੇ ਦੀਦਾਰ ਲਈ ਖੋਤਿਆਂ ਦੀਆਂ ਪੈੜਾਂ ਦਾ ਖੁਰਾ ਫੜਕੇ ਉਹ ਮਗਰੇ ਨਸ ਟੁਰਿਆ! ਹਰ ਆਉਂਦੇ ਰਾਹੀ ਪਾਸੋਂ ਉਹ ਡੇਰੇ ਦਾ ਪਤਾ ਪੁਛਦਾ। ਪੂਰੇ ਦੋ ਦਿਨ ਉਹ ਡੇਰਾ ਨਾ ਲਭ ਸਕਿਆ। ਹੁਣ ਉਸ ਨੂੰ ਸੁਝਦਾ ਕੁਝ ਨਹੀਂ ਸੀ। ਭੁਖ ਅਤੇ ਵਿਯੋਗ ਦੇ ਕਾਰਨ ਉਹਦਾ ਬੁਰਾ ਹਾਲ ਹੋ ਰਿਹਾ ਸੀ। ਪਿਆਰੇ ਨਾਲ ਤਾਂ ਉਸ ਅਜੇ ਦੋ ਬੋਲ ਵੀ ਸਾਂਝੇ ਨਹੀਂ ਸਨ ਕੀਤੇ! ਅੰਤ ਤੀਜੇ ਦਿਨ ਘੁੱਲੇ ਪੁਰ ਪਿੰਡ ਦੀ ਜੂਹ ਵਿਚ ਡੇਰਾ ਲਭ ਪਿਆ। ਜ਼ੈਨੀ ਨੂੰ ਵੇਖ ਉਸ ਰਬ ਦਾ ਲਖ ਲਖ ਸ਼ੁਕਰ ਕੀਤਾ :—

ਡੇਰੇ ਦੇ ਵਿਚ ਜਾਕੇ ਡਿਠਾ ਆਪਣੇ ਦਿਲਬਰ ਤਾਈਂ।
ਕਾਅਬਾ ਸਮਝ ਤੰਬੂ ਦਿਲਬਰ ਦਾ ਸਿਜਦਾ ਕਰੇ ਤਦਾਈਂ।
(ਜਲਾਲ)

ਜੋਗੀਆਂ ਦਾ ਡੇਰਾ ਕਈ ਦਿਨ ਘੁੱਲਾ ਪੁਰ ਟਿਕਿਆ ਰਿਹਾ। ਸੋਹਣਾ ਦਿਨੇਂ ਡੇਰੇ ਵਲ ਗੇੜਾ ਮਾਰਕੇ ਜ਼ੈਨੀ ਦਾ ਚੰਦ ਜਿਹਾ ਪਿਆਰਾ ਮੁਖੜਾ ਤਕ ਜਾਂਦਾ ਤੇ ਰਾਤੀਂ ਮਸੀਤੇ ਜਾ ਸੌਂਦਾਂ। ਪਰ ਦੋ ਬੋਲ—ਪਿਆਰ ਭਰੇ ਮਾਖਿਓਂ ਮਿੱਠੇ ਬੋਲ—

ਜ਼ੈਨੀ ਨਾਲ ਸਾਂਝੇ ਨਾ ਕਰ ਸਕਿਆ। ਇਸ਼ਕ ਤੜਪਦਾ ਰਿਹਾ, ਹੁਸਨ ਮਚਲਦਾ ਰਿਹਾ !

ਏਧਰ ਜ਼ੈਨੀ ਨੂੰ ਕੋਈ ਪਤਾ ਨਹੀਂ ਸੀ ਕਿ ਕੋਈ ਉਹਦੀਆਂ ਰਾਹਾਂ ਨੂੰ ਚੜ੍ਹਦੇ ਸੂਰਜ ਸਿਜਦੇ ਕਰਦਾ ਹੈ, ਉਹਦੇ ਪੈਰਾਂ ਦੀ ਧੂੜ ਨਾਲ ਅਪਣੀ ਤੜਫਦੀ ਹਿਕੜੀ ਦੀ ਤਪਸ਼ ਠਾਰਦਾ ਹੈ।

ਇਕ ਦਿਨ ਸੋਹਣਾ ਹੀਆ ਕਰਕੇ ਡੇਰੇ ਵਿਚ ਜਾ ਵੜਿਆ। ਉਸ ਮਿੰਤਾਂ ਤਰਲੇ ਕਰਕੇ ਸਮਰ ਨਾਥ ਨੂੰ ਆਖਿਆ ਕਿ ਉਹ ਉਸ ਨੂੰ ਅਪਣੇ ਕੋਲ ਖੋਤੇ ਚਾਰਨ ਤੇ ਰਖ ਲਵੇ। ਸਮਰ ਨਾਥ ਬੜੇ ਨਰਮ ਹਿਰਦੇ ਵਾਲਾ ਵਿਅਕਤੀ ਸੀ। ਉਹ ਨੂੰ ਉਹਦੇ ਮੁਰਝਾਏ ਮੁਖੜੇ ਤੇ ਤਰਸ ਆ ਗਿਆ। ਸੋਹਣੇ ਨੂੰ ਡੇਰੇ ਦੇ ਖੋਤੇ ਚਾਰਨ ਤੇ ਰਖ ਲਿਆ ਗਿਆ। ਪਿਆਰੇ ਲਈ ਉਹ ਸਭ ਕੁਝ ਕਰ ਸਕਦਾ ਸੀ।

ਖੋਤੇ ਚਾਰਦਿਆਂ ਸੋਹਣੇ ਨੂੰ ਪੂਰਾ ਵਰ੍ਹਾ ਬਤੀਤ ਹੋ ਗਿਆ ਪਰੰਤੂ ਉਹ ਅਪਣੇ ਪਿਆਰ ਬਾਰੇ ਜ਼ੈਨੀ ਨੂੰ ਕੁਝ ਨਾ ਦਸ ਸਕਿਆ।

ਇਕ ਦਿਨ ਜਦ ਸ਼ਾਮਾਂ ਢਲ ਰਹੀਆਂ ਸਨ, ਜ਼ੈਨੀ ਕਲਮ-ਕੱਲੀ ਜੰਗਲ ਵਿਚੋਂ ਪਾਣੀ ਲੈਣ ਵਾਸਤੇ ਆਈ। ਸੋਹਣਾ ਪਾਣੀ ਭਰਦੀ ਜ਼ੈਨੀ ਪਾਸ ਪੁਜਿਆ ਤੇ ਬੋਲਿਆ, "ਜ਼ੈਨੀਏਂ !"

ਜ਼ੈਨੀ ਤ੍ਰਭਕ ਗਈ। ਉਸ ਵੇਖਿਆ ਸੋਹਣਾ ਉਹ ਦੇ ਵਲ ਬਿਟਰ ਬਿਟਰ ਵੇਖ ਰਿਹਾ ਹੈ।

"ਕੀ ਗੱਲ ਐਂ ਵੇ ?"

"ਜ਼ੈਨੀ ਏਂ ਮੈਂ ਤੇਰੇ ਪਿੱਛੇ ਪਾਗਲ ਹੋ ਗਿਆ ਹਾਂ ! ਮੈਂ ਅਪਣਾ ਘਰ ਦਰ ਛਡਕੇ ਤੇਰੇ ਅੱਗੇ ਖੈਰ ਮੰਗੀ ਏ ! ਮੇਰੀ ਝੋਲੀ ਵਿਚ ਖੈਰ ਪਾ ਦੇ ਜੈਨੀਏਂ !" ਸੋਹਣੇ ਪੱਲਾ ਅੱਡਿਆ !

"ਵੇ ਮੂੰਹ ਸੰਭਾਲਕੇ ਗਲ ਕਰ—" ਜੈਨੀ ਕੜਕਕੇ ਬੋਲੀ ਅਤੇ ਗਾਗਰ ਸਿਰ ਉੱਤੇ ਰਖਕੇ ਖੜੀ ਹੋ ਗਈ।

"ਜ਼ੈਨੀਏਂ ਮੈਂ ਤੇਰੀ ਖਾਤਰ ਖੋਤੇ ਚਾਰ ਰਿਹਾ ਹਾਂ। ਤੇਰੀ ਖਾਤਰ ਅਪਣਾ

ਪਿਆਰਾ ਬਾਪ ਅਤੇ ਦੋਨੋ ਸੋਹਣੇ ਭਰਾ ਛਡਕੇ ਆਇਆ ਹਾਂ ! ਅਮੀਰੀ ਛਡ ਕੇ ਫਕੀਰੀ ਕੀਤੀ ਹੈ । ਜ਼ੈਨੀਏ ਮੈਂ ਤੇਰੇ ਪਿਆਰੇ ਬੋਲਾਂ ਲਈ ਸਹਿਕ ਰਿਹਾ ਹਾਂ-" ਸੋਹਣਾ ਤਰਲੇ ਲੈ ਰਿਹਾ ਸੀ ।

"ਨਿਮਕ ਹਰਾਮੀਆਂ ! ਤੇਰੀ ਇਹ ਮਜਾਲ । ਤੈਨੂੰ ਸ਼ਰਮ ਨਹੀਂ ਆਉਂਦੀ ਇਹੋ ਜਹੀਆਂ ਗੱਲਾਂ ਕਰਦੇ ਨੂੰ । ਅਜ ਡਰੇ ਚਲਕੇ ਤੇਰੀ ਕਰਵਾਉਂਦੀ ਹਾਂ ਜੁੱਤੀਆਂ ਨਾਲ ਮੁਰੰਮਤ ।" ਇਹ ਆਖ ਜ਼ੈਨੀ ਡੇਰੇ ਨੂੰ ਟੁਰ ਪਈ ।

ਸੋਹਣੇ ਦੀ ਤਪਸਿਆ ਅਜੇ ਪੂਰੀ ਨਹੀਂ ਸੀ ਹੋਈ ! ਪ੍ਰੀਤਮ ਦੇ ਦਿਲ ਵਿਚ ਅਜੇ ਉਪਾਸ਼ਕ ਲਈ ਥਾਂ ਨਹੀਂ ਸੀ ਬਣਿਆ । ਸੋਹਣਾ ਡਰਦਾ ਡਰਦਾ ਕਾਫੀ ਹਨੇਰਾ ਹੋਏ ਤੇ ਡੇਰੇ ਆਇਆ । ਉਸ ਨੂੰ ਕਿਸੇ ਨੇ ਕੁਝ ਨਾ ਆਖਿਆ ! ਜ਼ੈਨੀ ਨੇ ਡੇਰੇ ਆ ਕੇ ਕਿਸੇ ਅੱਗੇ ਗਲ ਨਹੀਂ ਸੀ ਕੀਤੀ !

ਕਈ ਮਹੀਨਿਆਂ ਮਗਰੋਂ ਜ਼ੈਨੀ ਸੋਹਣੇ ਨੂੰ ਬਾਹਰ ਕੱਲੀ ਟੱਕਰ ਗਈ ! ਸੋਹਣੇ ਝੋਲੀ ਅੱਡੀ ! ਦਾਨੀ ਆਪ ਮੰਗਤਾ ਬਣ ਗਿਆ ।

ਸੋਹਣੇ ਦਰਦੀ ਹਾਲ ਦਰਦ ਦਾ
ਦਰਦੋਂ ਆਖ ਸੁਣਾਇਆ
ਲੈ ਸੁਨੇਹਾ ਦਰਦਾਂ ਵਾਲਾ
ਜ਼ੈਨੀ ਦੇ ਵਲ ਆਇਆ
ਆਹ ਇਸ਼ਕ ਦੀ ਤੀਰਾਂ ਵਾਂਗੂੰ
ਜ਼ਖਮ ਕੀਤਾ ਵਿਚ ਸੀਨੇ
ਨਿਕਲੀ ਆਹ ਜ਼ੈਨੀ ਦੇ ਦਿਲ ਥੀਂ
ਰੋਵਣ ਨੈਣ ਨਗੀਨੇ
ਇਸ਼ਕ ਆਸ਼ਕ ਥੀਂ ਮਾਸ਼ੂਕਾ ਵਲ
ਆਇਆ ਜ਼ੋਰ ਧਿੰਙਾਣੇ
ਚੜ੍ਹੇ ਖੁਮਾਰ ਸ਼ਰਾਬੋਂ ਵਧਕੇ
ਨੈਣ ਹੋਏ ਮਸਤਾਨੇ
ਸੋਹਣਾ ਇਸ਼ਕ ਸੋਹਣੇ ਦਾ ਲੱਗਾ

ਜ਼ੈਨੀ ਕਮਲੀ ਹੋਈ
ਮਾਣ ਗਰੂਰ ਤੇ ਨਖਵਤ ਦਿਲਦੇ
ਅੰਦਰ ਰਹੀ ਨਾ ਕੋਈ ।

(ਜਲਾਲ)

ਜ਼ੈਨੀ ਹੁਣ ਸੋਹਣੇ ਦੀ ਖਿਦਮਤ ਕਰਦੀ ਨਹੀਂ ਸੀ ਥਕਦੀ—ਉਹਦੇ ਰਾਹਾਂ ਤੇ ਨਜ਼ਰਾਂ ਵਿਛਾਂਉਦੀ ਨਹੀਂ ਸੀ ਅੱਕਦੀ ।

ਕੁਝ ਸਮਾਂ ਸੋਹਣਾ ਤੇ ਜ਼ੈਨੀ ਪਿਆਰ ਮਿਲਣੀਆਂ ਮਾਣਦੇ ਰਹੇ । ਅੰਤ ਉਨ੍ਹਾਂ ਦੇ ਇਸ਼ਕ ਦੀ ਚਰਚਾ ਡੇਰੇ ਵਿਚ ਛਿੜ ਪਈ। ਜ਼ੈਨੀ ਦੀ ਮਾਂ ਦੇ ਕੰਨੀ ਵੀ ਇਸ ਇਸ਼ਕ ਦੀ ਭਿਣਕ ਪੈ ਗਈ। ਉਸ ਸਮਰ ਨਾਥ ਨਾਲ ਗਲ ਕੀਤੀ ! ਉਹਨੇ ਸੋਹਣੇ ਨੂੰ ਉਸੇ ਵੇਲੇ ਡੇਰੇ ਵਿੱਚੋਂ ਕਢ ਦਿੱਤਾ ।

ਪਰ ਸੋਹਣਾ ਅਪਣੇ ਮਹਿਬੂਬ ਦਾ ਪਿੱਛਾ ਕਿਵੇਂ ਛਡਦਾ ! ਉਹ ਨੇ ਡੇਰੇ ਦੇ ਬਾਹਰ ਅਪਣਾ ਡੇਰਾ ਜਮਾ ਲਿਆ ।

ਸੋਹਣੇ ਦਾ ਹਠ ਵੇਖਕੇ ਜੋਗੀਆਂ ਨੂੰ ਰੋਹ ਚੜ੍ਹ ਗਿਆ । ਉਹ ਉਸ ਨੂੰ ਮਾਰਨ ਲਈ ਦੌੜੇ । ਪਰੰਤੂ ਉਸ ਡੇਰੇ ਦੇ ਬਜ਼ੁਰਗ ਜਗਨ ਨਾਥ ਨੇ ਇਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ ਤੇ ਆਖਿਆ, "ਮੂਰਖ ਨਾ ਬਣੋਂ ! ਅਪਣੇ ਸਿਰ ਖੂਨ ਲੈਕੇ ਡੇਰੇ ਦੀ ਸ਼ਾਨ ਨੂੰ ਵਟਾ ਨਾ ਲਾਵੋ ! ਕੰਮ ਉਹ ਕਰੋ ਜਿਸ ਨਾਲ ਸਪ ਵੀ ਮਰ ਜਾਵੇ ਤੇ ਲਾਠੀ ਵੀ ਨਾ ਟੁੱਟੇ । ਉਸ ਨੂੰ ਕਿਸੇ ਦਰੱਖਤ ਨਾਲ ਬੰਨ ਜਾਵਾਂਗੇ । ਡੇਰਾ ਅਗਾਂਹ ਲੈ ਜਾਂਦੇ ਹਾਂ । ਆਪੇ ਸਾਡਾ ਪਿੱਛਾ ਛਡ ਜਾਵੇਗਾ ।"

ਜੋਗੀ ਰਾਤ ਸਮੇਂ ਸੋਹਣੇ ਨੂੰ ਬਾਹਰ ਲੈ ਗਏ ! ਪਹਿਲਾਂ ਤਾਂ ਉਸਦੀ ਖੂਬ ਕੁਟਾਈ ਕੀਤੀ ਤੇ ਮਗਰੋਂ ਉਸਨੂੰ ਇਕ ਦਰੱਖਤ ਨਾਲ ਬੰਨ੍ਹ ਦਿੱਤਾ । ਰਾਤੋ ਰਾਤ ਡੇਰਾ ਅਗਾਂਹ ਟੁਰ ਪਿਆ !

ਪਰੰਤੂ ਦੂਜੀ ਭਲਕ ਕਿਸੇ ਸ਼ਿਕਾਰੀ ਨੇ ਸੋਹਣੇ ਨੂੰ ਦਰੱਖਤ ਨਾਲੋਂ ਖੋਹਲ ਦਿੱਤਾ । ਉਹ ਡੇਰੇ ਦੇ ਮਗਰੇ ਨਸ ਟੁਰਿਆ । ਕਈ ਦਿਨਾਂ ਦੀ ਭਟਕਣਾਂ ਮਗਰੋਂ ਉਹ ਡੇਰੇ ਵਿਚ ਜਾ ਪੁੱਜਾ ਤੇ ਅਪਣੀ ਪਿਆਰੀ ਜ਼ੈਨੀ ਨੂੰ ਜਾ ਸਿਜਦਾ ਕੀਤਾ !

ਜੋਗੀਆਂ ਨੂੰ ਹੁਣ ਪੂਰਾ ਯਕੀਨ ਹੋ ਗਿਆ ਕਿ ਉਹ ਜ਼ੈਨੀ ਦਾ ਪਿੱਛਾ ਛਡਣ ਵਾਲਾ ਨਹੀਂ ! ਉਸ ਨੂੰ ਮਾਰਨ ਲਈ ਉਨ੍ਹਾਂ ਸਪ ਲੜਾਉਣ ਦੀ ਸਕੀਮ ਸੋਚੀ ! ਏਸ ਨਵੀਂ ਸਕੀਮ ਬਾਰੇ ਚੰਦਾਂ ਨੇ ਜ਼ੈਨੀ ਨੂੰ ਸਭ ਕੁਝ ਦਸ ਦਿੱਤਾ । ਉਹਨੇ ਸੋਹਣੇ ਨੂੰ ਰੋਟੀ ਵਿਚ ਪਾਕੇ ਕੋਈ ਜੰਗਲੀ ਬੂਟੀ ਖਲਾ ਦਿੱਤੀ ਅਤੇ ਕੁਝ ਬੂਟੀ ਸਰੀਰ ਉੱਤੇ ਮਿਲਣ ਲਈ ਵੀ ਦੇ ਦਿੱਤੀ !

ਜੋਗੀਆਂ ਨੇ ਸੋਹਣੇ ਉੱਤੇ ਤੇਲੀਆ ਸਪ ਛਡ ਦਿੱਤਾ ! ਪਰੰਤੂ ਇਸ ਜੰਗਲੀ ਬੂਟੀ ਦੀ ਖੁਸ਼ਬੋ ਹੀ ਅਜਿਹੀ ਸੀ ਕਿ ਸਪ ਉਸਦੇ ਨੇੜੇ ਨਾ ਲੱਗਾ ! ਸੋਹਣੇ ਦੀ ਜਾਨ ਬਚ ਗਈ ।

ਜੋਗੀ ਹੁਣ ਜ਼ਹਿਰੀਲੇ ਸਪ ਦੀ ਭਾਲ ਵਿਚ ਨਿਕਲ ਟੁਰੇ । ਏਧਰ ਜ਼ੈਨੀ ਦਾ ਬੁਰਾ ਹਾਲ ਹੋ ਰਿਹਾ ਸੀ । ਸੋਹਣੇ ਦੀ ਮੌਤ ਉਹਨੂੰ ਡਰਾਉਂਦੀ ਪਈ ਸੀ ।.ਪਰ ਸੋਹਣੇ ਨੂੰ ਅਪਣੇ ਸਿਦਕ ਤੇ ਮਾਣ ਸੀ, ਭਰੋਸਾ ਸੀ, ਉਹ ਡੋਲ ਨਹੀਂ ਸੀ ਰਿਹਾ !

ਆਖਰ ਜੋਗੀ ਇਕ ਅਤੀ ਜ਼ਹਿਰੀਲਾ ਨਾਗ ਕੁਲਮਾਰ – ਲਭ ਲਿਆਏ ! ਸ਼ਾਮ ਹੋਈ ! ਹਨੇਰੇ ਗੂੜ੍ਹੇ ਹੋਏ । ਸੋਹਣੇ ਨੂੰ ਡੇਰੇ ਤੋਂ ਬਾਹਰ ਲਜਾਇਆ ਗਿਆ ! ਸਾਰਾ ਡੇਰਾ ਕੱਠਾ ਹੋਇਆ ਹੋਇਆ ਸੀ । ਸਿਰਫ ਜ਼ੈਨੀ ਅਪਣੀ ਪੱਖੀ ਵਿਚ ਪਈ ਤੜਪ ਰਹੀ ਸੀ ! ਅਪਣੇ ਪਿਆਰੇ ਸੋਹਣੇ ਦੀ ਜਾਨ ਦੀਆਂ ਸੁੱਖਾਂ ਮਨਾਉਂਦੀ ਪਈ ਸੀ ।

ਬੀਨਾਂ ਬੱਜੀਆਂ । ਕੁਲਮਾਰ ਨਾਗ ਸੋਹਣੇ ਤੇ ਝਪਟ ਕੇ ਪੈ ਗਿਆ ! ਕਈਆਂ ਨੇ ਕਸੀਸਾਂ ਵੱਟੀਆਂ । ਚੰਦਾਂ ਵੇਖ ਨਾ ਸਕੀ--ਸਪ ਸੋਹਣੇ ਦੁਆਲੇ ਵਲੇਟ ਪਾ ਲਏ ਸਨ—ਉਸ ਅਪਣਾ ਮੂੰਹ ਪਰੇ ਘੁਮਾ ਲਿਆ ! ਸਪ ਦੀ ਜ਼ਹਿਰ ਨਾਲ ਸੋਹਣੇ ਦਾ ਸਰੀਰ ਕਾਲਾ ਸ਼ਾਹ ਹੋ ਗਿਆ ਤੇ ਉਹ ਬੇਹੋਸ਼ ਹੋਕੇ ਧਰਤੀ ਤੇ ਡਿਗ ਪਿਆ ! ਜੋਗੀਆਂ ਸਮਝਿਆ ਕਿ ਉਹ ਮਰ ਗਿਆ ਹੈ ! ਇਸੇ ਖੁਸ਼ੀ ਵਿਚ ਉਹ ਡੇਰੇ ਵਿਚ ਆਕੇ ਨਚਣ ਗਾਉਣ ਲਗ ਪਏ ! ਰਾਤ ਕਾਫੀ ਲੰਘ ਚੁੱਕੀ ਸੀ ! ਜ਼ੈਨੀ ਚੰਦਾਂ ਦੀ ਮਦਦ ਨਾਲ ਅਧ ਮੋਏ ਸੋਹਣੇ ਪਾਸ ਪੁੱਜੀ । ਉਹ ਸਾਰੀ ਰਾਤ ਕਈ ਇਕ ਬੂਟੀਆ ਸੋਹਣੇ ਦੇ ਸਰੀਰ ਤੇ ਮਲਦੀ ਰਹੀ। ਬੂਟੀਆਂ ਦੀ ਤਾਸੀਰ ਹੀ ਕੁਝ ਅਜਿਹੀ ਸੀ ਕਿ ਉਹ ਪਹੁ ਫੁਟਾਲੇ ਤਕ ਸੁਰਤ ਵਿਚ ਆ ਗਿਆ ! ਉਸ ਅਪਣੇ ਆਪ ਨੂੰ ਜ਼ੈਨੀ ਦੀ ਗੋਦੀ ਵਿਚ ਵੇਖਿਆ ਬੋਲਿਆ, "ਜ਼ੈਨੀਏਂ ! ਮੈਂ ਜਨਤ ਵਿਚ ਹਾਂ ! ਕਿਧਰੇ

ਮੈਂ ਸੁਪਨਾ ਤੇ ਨਹੀਂ ਵੇਖਦਾ ਪਿਆ !"

"ਸੋਹਣਿਆਂ ਸ਼ੁਕਰ ਏ ਖੁਦਾ ਦਾ, ਜਾਨ ਬਚ ਗਈ ! ਵੇਲਾ ਗੱਲਾਂ ਕਰਨ ਦਾ ਨਹੀਂ । ਚਲ ਹਿੰਮਤ ਤੋਂ ਕੰਮ ਲੈ । ਟੁਰ ਚਲ । ਕਿਧਰੇ ਵੈਰੀ ਆ ਨਾ ਜਾਣ !"

"ਜ਼ੈਨੀਏ ਜਾ ਪਿੱਛੇ ਮੁੜ ਜਾ ! ਉਹ ਤੈਨੂੰ ਨਹੀਂ ਛਡਣਗੇ, ਜਾ ਰਬ ਦੇ ਵਾਸਤੇ ਡੇਰੇ ਮੁੜ ਜਾ" ਸੋਹਣੇ ਨੇ ਆਪਣੇ ਆਪ ਨੂੰ ਸੰਭਾਲਿਆ !

"ਸੋਹਣਿਆਂ ਬਹੁਤ ਹੋ ਗਈ ! ਉਹ ਤੇਰੀ ਰਤ ਦੇ ਪਿਆਸੇ ਹਨ, ਤੈਨੂੰ ਜਿਉਂਦੇ ਨੂੰ ਨਹੀਂ ਛਡਣਗੇ । ਮੈਂ ਤੇਰੇ ਬਿਨਾਂ ਇਕ ਪਲ ਵੀ ਨਹੀਂ ਜੀ ਸਕਦੀ ਚਲ ਮੈਨੂੰ ਅਪਣੇ ਦੇਸ਼ ਲੈ ਚਲ ।"

ਜੋਗੀਆਂ ਦੇ ਡੇਰੇ ਵਿਚੋਂ ਵਜਦੇ ਢੋਲਾਂ ਦੀ ਆਵਾਜ਼ ਆਉਂਦੀ ਪਈ ਸੀ ਤੇ ਉਨ੍ਹਾਂ ਦੇ ਖੁਸ਼ੀਆਂ ਭਰੇ ਗੀਤਾਂ ਦੇ ਬੋਲ ਵਾਵਾਂ ਵਿਚ ਸੁਗੰਧੀ ਵਖੇਰਦੇ ਪਏ ਸਨ । ਤੇ ਦੋ ਪਿਆਰੇ ਅਪਣੀਆਂ ਬਾਹਵਾਂ ਵਿਚ ਬਾਹਵਾਂ ਪਾਈਂ ਜ਼ਿੰਦਗੀ ਦੇ ਸਫਰ ਤੇ ਟੁਰੇ ਜਾ ਰਹੇ ਸਨ ਤੇ ਦੂਰ ਦਿਸਹਦੇ ਤੇ ਊਸ਼ਾ ਉਨ੍ਹਾਂ ਦੇ ਸੁਆਗਤ ਵਿਚ ਖੜੀ ਮੁਸਕਰਾ ਰਹੀ ਸੀ !

# ਇੰਟਰ ਖੇਡਾਂ

ਨਾਲ ਮੜਕ ਦੇ ਤੁਰਦੀ ਬੇਗੋ
ਤੁਰਦੀ ਜਿਉਂ ਮੁਰਗਾਬੀ
ਰੇਬ ਪਜਾਮਾ ਪੱਟੀ ਸੋਹੰਦਾ
ਪੈਰਾਂ ਵਿਚ ਰਕਾਬੀ
ਨਾਲ ਹੁਸਨ ਦੇ ਕਰੇ ਉਜਾਲਾ
ਮੱਚਦੀ ਜਿਵੇਂ ਮਤਾਬੀ
ਇਸ਼ਕ ਬਲੀ ਦੀਆਂ ਚੜ੍ਹੀਆਂ ਲੋਰਾਂ
ਝੂਲੇ ਵਾਂਗ ਸ਼ਰਾਬੀ
ਮੁਖੜਾ ਬੇਗੋ ਦਾ
ਖਿੜਿਆ ਫੁਲ ਗੁਲਾਬੀ

ਇੰਦਰ ਬੇਗੋ ਲਾਹੌਰ ਵਿਚ ਵਾਪਰੀ ਸੱਚੀ ਪ੍ਰੀਤ ਕਹਾਣੀ ਹੈ। ਇਹ ਕਹਾਣੀ ਕਦੋਂ ਵਾਪਰੀ ? ਇਸ ਪ੍ਰਸ਼ਨ ਦਾ ਠੀਕ ਠੀਕ ਉੱਤਰ ਨਹੀਂ ਦਿਤਾ ਜਾ ਸਕਦਾ। ਹਾਂ, ਅਨੁਮਾਨਿਆ ਜਾ ਸਕਦਾ ਹੈ ਕਿ ਇਹ ਕਹਾਣੀ ੧੯੬੩ ਬਿਕਰਮੀਂ ਤੋਂ ਪੰਜ ਚਾਰ ਵਰ੍ਹੇ ਪਹਿਲਾਂ ਵਾਪਰੀ ਹੋਵੇਗੀ। ਪੂਰਨ ਰਾਮ ਅਪਣੇ ਕਿੱਸੇ ਦੇ ਆਰੰਭ ਵਿਚ ਲਿਖਦਾ ਹੈ --

ਉੱਨੀ ਸੌ ਤਰੇਹਠ ਸਾਲ
ਗਿਆ ਸੀ ਲਾਹੌਰ ਦਾਸ
ਸੁਣ ਐਸੀ ਬਾਤ
ਮੈਂ ਬਣਾਇਆ ਕਿੱਸਾ ਫੇਰ ਜੀ।
ਹੋਇਆ ਇਕ ਆਸ਼ਕ
ਮਹਾਜਨ ਇੰਦਰ ਮਲ
ਬੇਗੋ ਪਿੱਛੇ ਲਗ
ਡੁੱਬਿਆ ਘੁੰਮਣ ਘੇਰ ਜੀ।

ਇਸ ਪ੍ਰੀਤ ਕਥਾ ਨੂੰ ਕਈ ਇਕ ਕਿੱਸਾਕਾਰਾਂ ਨੇ ਉਲੀਕਿਆ ਹੈ। ਇਨਾਂ ਵਿਚੋਂ ਪੂਰਨ ਰਾਮ, ਦਰਜੀ ਨਰੈਣ ਸਿੰਘ ਅਤੇ ਛੱਜੂ ਸਿੰਘ ਹੋਰਾਂ ਦੇ ਕਿਸੇ ਵਧੇਰੇ

ਪ੍ਰਚੱਲਤ ਹਨ। ਖ਼ੂਬੀ ਦੀ ਗਲ ਤਾਂ ਇਹ ਹੈ ਕਿ ਇਹ ਕਥਾ ਇਕੋ ਦਿਨ ਵਿਚ ਵਾਪਰਦੀ ਹੈ। ਸ਼ਾਇਦ ਹੀ ਕਿਸੇ ਹੋਰ ਸਾਹਿਤ ਵਿਚ ਇਸ ਪ੍ਰਕਾਰ ਦੀ ਕੋਈ ਪ੍ਰੀਤ ਕਥਾ ਵਾਪਰੀ ਹੋਵੇ।

੨

ਲਾਹੌਰ ਦੇ ਲਾਗੇ ਸੱਸਾ ਨਾਮੀ ਪਿੰਡ ਦੇ ਹਿੰਦੂ ਗੁੱਜਰ ਕਿਸ਼ਨ ਸਿੰਘ ਦੀ ਅਲਬੇਲੀ ਧੀ ਬੇਗੋ, ਪਿੰਡ ਦੇ ਮਨਚਲੇ ਗੱਭਰੂਆਂ ਦੇ ਸੁਪਨਿਆਂ ਦੀ ਰਾਣੀ ਬਣੀ ਹੋਈ ਸੀ। ਮਾਪਿਆਂ ਉਸਨੂੰ ਬੜੇ ਲਾਡਾਂ ਨਾਲ ਪਾਲਿਆ। ਜਿਧਰੋਂ ਦੀ ਬੇਗੋ ਲੰਘਦੀ, ਗਭਰੂ ਦਿਲ ਫੜਕੇ ਬੈਠ ਜਾਂਦੇ, ਇਕ ਆਹ ਸੀਨਿਓਂ ਪਾਰ ਹੋ ਜਾਂਦੀ :

ਮਾਈ ਬਾਪ ਨੇ ਰੱਖੀ ਲਾਡਲੀ
ਜਿਉਂ ਥੇਲੀ ਦਾ ਫੋੜਾ
ਮੁਸ਼ਕੀ ਰੰਗ ਸਰੀਰ ਛਾਂਟਮਾਂ
ਜਾਣੀ ਕੋਤਲ ਘੋੜਾ
ਨਰਮ ਸਰੀਰ ਮੱਖਣ ਤੋਂ ਕੂਲਾ
ਖਾਕੇ ਤੁਰੇ ਮਰੋੜਾ
ਪਤਲੇ ਅੰਗ ਫੁੱਲਾਂ ਤੋਂ ਹੌਲੀ
ਜਿਊਂ ਰੂਈ ਦਾ ਗੋਹੜਾ
ਮਿੱਠਾ ਬੋਲ ਕੌਲ ਤੋਂ ਦੂਣਾ
ਆਸ਼ਕ ਨੂੰ ਹੈ ਲੋਹੜਾ
ਨੇਤਰ ਬੇਗੋ ਦੇ—
ਜਿਊਂ ਲਾਲਾਂ ਦਾ ਜੋੜਾ
(ਛੱਜੂ ਸਿੰਘ)

ਜਿਧਰ ਵੀ ਬੇਗੋ ਆਪਣੀਆਂ ਜਾਦੂ ਭਰੀਆਂ ਨਿਗਾਹਾਂ ਸੁਟਦੀ, ਕਤਲੇ ਆਮ ਕਰ ਦੇਂਦੀ। ਉਹਦੀ ਲਟਬੌਰੀ ਚਾਲ, ਉਹਦਾ ਭਖਦਾ ਹੁਸਨ ਗੱਭਰੂਆਂ

ਦੇ ਦਿਲਾਂ ਨੂੰ ਧੜਕਾ ਦੇਂਦਾ, ਕਈ ਹੁਸਨ ਸੁਪਨੇ ਉਨ੍ਹਾਂ ਦੇ ਮਨਾ ਵਿਚ ਉਣੇ ਜਾਂਦੇ। ਹਰ ਕੋਈ ਬੇਗੋ ਦੇ ਹੁਸਨ ਦੀ ਸਿਫਤ ਕਰਦਾ ਨਾ ਥੱਕਦਾ:

ਨਾਲ ਮੜਕ ਦੇ ਤੁਰਦੀ ਬੇਗੋ
ਤੁਰਦੀ ਜਿਉਂ ਮੁਰਗਾਬੀ
ਰੇਬ ਪਜਾਮਾ ਪੱਟੀ ਸੋਂਹਦਾ
ਪੈਰਾਂ ਵਿਚ ਰਕਾਬੀ
ਨਾਲ ਹੁਸਨ ਦੇ ਕਰੇ ਉਜਾਲਾ
ਮੱਚਦੀ ਜਿਵੇਂ ਮਤਾਬੀ
ਇਸ਼ਕ ਬਲੀ ਦੀਆਂ ਚੜ੍ਹੀਆਂ ਲੋਰਾਂ
ਝੂਲੇ ਵਾਂਗ ਸ਼ਰਾਬੀ
ਮੁਖੜਾ ਬੇਗੋ ਦਾ—
ਖਿੜਿਆ ਫੁੱਲ ਗੁਲਾਬੀ।

ਇਕ ਦਿਨ ਬੇਗੋ ਨੂੰ ਫੁਲਕਾਰੀ ਕਢਣ ਲਈ ਪੱਟ ਦੀ ਲੋੜ ਪੈ ਗਈ। ਉਹਨੇ ਪਿੰਡ ਦੀਆਂ ਸਾਰੀਆਂ ਹੱਟੀਆਂ ਗਾਹ ਮਾਰੀਆਂ, ਪੱਟ ਕਿਧਰੋਂ ਨਾ ਮਿਲੀ। ਕਿਸੇ ਮਨਚਲੀ ਨੇ ਪੱਟ ਲੈਣ ਦੇ ਬਹਾਨੇ ਲਾਹੌਰ ਵੇਖਣ ਲਈ ਰਾਏ ਦੇ ਦਿੱਤੀ। ਪਲਾਂ ਵਿਚ ਕਈ ਜਵਾਨੀਆਂ ਜੁੜ ਬੈਠੀਆਂ ਤੇ ਨਵੇਂ ਸੌਦੇ ਖਰੀਦਣ ਲਈ ਸੋਚਾਂ ਬਣ ਗਈਆਂ:

ਤੇਲਣ ਮਤਾਬੀ
ਜੱਟੀ ਬਿਸ਼ਨੀ ਗੁਲਾਬੀ
ਕਾਨ੍ਹੋ ਕੇਸਰੀ ਪੰਜਾਬੀ
ਸੱਭੇ ਤਿਆਰ ਹੋ ਕੇ ਆਉਂਦੀਆਂ।
ਕਰਮੀ ਕਸੈਣ
ਸੋਭੀ ਨੰਦ ਕੁਰ ਨੈਣ
ਵੀਰੋ ਫੱਤੀ ਹਲਵੈਣ
ਡੋਰੇ ਕਜਲੇ ਦੇ ਪਾਉਂਦੀਆਂ।

ਬਹਾਮਣੀ ਬਲਾਸੋ
ਸੈਦਾਂ ਸੰਤੀ ਤੇ ਆਸੋ
ਅੱਲਾ ਦਿੱਤੀ ਵੀ ਮਗਸੋ
ਗੀਤ ਟੋਲੀ ਬੰਨ੍ਹ ਗਾਉਂਦੀਆਂ।
(ਪੂਰਨ ਰਾਮ)

ਲਗਰਾਂ ਵਰਗੀਆਂ ਮੁਟਿਆਰਾਂ ਰਾਵੀ ਦੇ ਪੱਤਣਾਂ ਨੂੰ ਅੱਗ ਲਾਉਂਦੀਆਂ ਹੋਈਆਂ ਲਾਹੌਰ ਜਾ ਵੜੀਆਂ। ਪੇਂਡੂ ਹੁਸਨ ਝਲਕਾਂ ਮਾਰਦਾ ਪਿਆ ਸੀ। ਗੋਦੜੀ ਦੇ ਲਾਲ ਦਗ ਦਗ ਪਏ ਕਰਦੇ ਸਨ। ਸਾਰੇ ਦਾ ਸਾਰਾ ਬਾਜ਼ਾਰ ਝੂਮਦਾ ਪਿਆ ਸੀ।

ਬਾਣੀਆਂ ਦੇ ਦਿਲ ਧੂੰਹਦੀ ਇਹ ਟੋਲੀ ਇੰਦਰ ਬਜਾਜ ਦੀ ਹੱਟੀ ਤੇ ਜਾ ਪੁੱਜੀ। ਇੰਦਰ ਨੇ ਬੇਗੋ ਦਾ ਟਹਿਕਦਾ ਮੁਖੜਾ ਤੱਕਿਆ-ਉਹ ਬੇਗੋ ਦਾ ਹੋ ਗਿਆ।

ਦੇਖਿਆ ਸਰੂਪ ਜਦੋਂ ਬੇਗੋ ਨਾਰ ਦਾ
ਭੁਲ ਗਿਆ ਸੌਦਾ ਦਿਲ 'ਚ ਵਿਚਾਰਦਾ
ਆਖਦਾ ਇੰਦਰ ਏਸ ਦਾ ਕੀ ਨਾਮ ਨੀ
ਕੀਹਦੇ ਘਰ ਉਤਰੀ ਉਤਾਰ ਕਾਮਨੀ
ਨਾਰੀਆਂ ਕਹਿਣ ਦੱਸੀਏ ਜੇ ਨਾਮ ਵੇ
ਫੇਰ ਕੀ ਤੂੰ ਸੌਦਾ ਦੇਵੇਂ ਬਿਨਾ ਦਾਮ ਵੇ
ਬੈਠੀ ਜੋ ਵਿਚਾਲੇ ਇਹਦਾ ਦੱਸੋ ਨਾਮ ਨੀ
ਸੌਦਾ ਲੈਲੋ ਕੋਈ ਮੰਗਦਾ ਨਹੀਂ ਦਾਮ ਨੀ
''ਬੇਗੋ ਇਹਦਾ ਨਾਮ ਸਾਰੀਆ ਨੇ ਦੱਸਿਆ
ਸੁਣਕੇ ਇੰਦਰ ਖਿੜ ਖਿੜ ਹੱਸਿਆ
ਕੇਰਾਂ ਆਖ ਦੇਵੇ ਬੇਗੋ ਸੁਖੋਂ ਬੋਲਕੇ
ਜਿਹੜੀ ਚੀਜ਼ ਮੰਗੋ ਸੋਈ ਦੇਵਾਂ ਤੋਲਕੇ
(ਪੂਰਨ ਰਾਮ)

ਇੰਦਰ ਦੀ ਦੁਕਾਨ ਮੁਟਿਆਰ ਹਾਸਿਆਂ ਨਾਲ ਛਣਕ ਰਹੀ ਸੀ। ਮੁਟਿਆਰਾਂ ਹਸ ਹਸ ਦੂਹਰੀਆਂ ਹੋ ਰਹੀਆਂ ਸਨ, ਪਰੰਤੂ ਬੇਗੋ ਸ਼ਰਮਾਂਦੀ ਪਈ ਸੀ, ਸੁੰਗੜਦੀ ਪਈ ਜਾਂਦੀ ਸੀ।

"ਅੜੀਏ ਆਖ ਦੇ ਖਾਂ, ਤੇਰਾ ਕਿਹੜਾ ਮੁਲ ਲਗਦੈ।" ਕੇਸਰੀ ਦੀ ਨੀਤ ਟਾਸ ਦੇ ਥਾਨ ਤੇ ਫਿੱਟੀ ਹੋਈ ਸੀ।

"ਮੇਰੇ ਵਲੋਂ ਤਾਂ ਬਾਣੀਆ ਸਾਰੀ ਦੁਕਾਨ ਲੁਟਾ ਦੇਵੇ, ਮੈਨੂੰ ਕੀ!" ਬੇਗੋ ਦੇ ਸ਼ਹਿਦ ਜਹੇ ਮਿਠੜੇ ਬੋਲ ਇੰਦਰ ਦੇ ਕੰਨੀ ਪਏ, ਉਹ ਮੁਸਕਰਾਇਆ ਤੇ ਸਾਰੀ ਦੁਕਾਨ ਮੁਟਿਆਰਾਂ ਦੇ ਹਵਾਲੇ ਕਰ ਦਿੱਤੀ। ਉਹ ਬਿਨਾ ਦਾਮਾਂ ਤੋਂ ਅਪਣੀ ਮਰਜ਼ੀ ਦਾ ਕਪੜਾ ਲੈ ਰਹੀਆਂ ਸਨ। ਇੰਦਰ ਤਾਂ ਅਪਣੇ ਪਿਆਰੇ ਦੇ ਬੋਲ ਪੁਗਾ ਰਿਹਾ ਸੀ। ਸਾਰਾ ਬਾਜ਼ਾਰ ਏਸ ਜਨੂਨੀ ਆਸ਼ਕ ਵਲ ਤਕ ਤਕ ਮੁਸਕਰਾਂਦ ਪਿਆ ਸੀ, ਟਿਕਚਰਾਂ ਪਿਆ ਕਰਦਾ ਸੀ।

"ਮੈਨੂੰ ਕਿਸੇ ਦੀ ਕੋਈ ਪਰਵਾਹ ਨਹੀਂ, ਮੈਂ ਤਾਂ ਅਪਣੀ ਪਿਆਰੀ ਦੇ ਬੋਲ ਪਾਲਣੇ ਨੇ। ਤੁਸੀਂ ਥਾਨ ਪਰਖਦੇ ਹੋ, ਬੇਗੋ ਇਕ ਵਾਰੀ ਆਖੇ ਸਹੀ ਮੈਂ ਇਹਦੇ ਵੇਖਦੀ ਵੇਖਦੀ ਆਪਣੀ ਦੁਕਾਨ ਫੂਕ ਸਕਦਾ ਹਾਂ—" ਨਫਾਖੋਰ ਸੱਚ ਮੁੱਚ ਹੀ ਇਸ਼ਕ ਦਾ ਵਿਓਪਾਰ ਕਰਨ ਲਈ ਉਤਾਵਲਾ ਹੋ ਉਠਿਆ ਸੀ।

ਖੁੱਲੇ ਡੁੱਲੇ ਪੇਂਡੂ ਵਾਤਾਵਰਣ ਵਿੱਚ ਪਲੀਆਂ ਅਲ੍ਹੜ ਮੁਟਿਆਰਾਂ ਭਲਾ ਕਦੋਂ ਵਾਰ ਖਾਲੀ ਜਾਣ ਦੇਂਦੀਆਂ ਨੇ। ਉਨ੍ਹਾਂ ਝੱਟ ਬੇਗੋ ਦੇ ਮੁੱਖੋਂ ਇਹ ਗਲ ਵੀ ਅਖਵਾ ਲਈ :

ਸੂਹਣੇ ਜਹੇ ਮੁਖ ਵਿਚੋਂ ਆਖਿਆ ਮਜਾਜ਼ ਨਾਲ
ਫੂਕੇ ਭਾਵੇਂ ਰੱਖੇ ਮੈਂ ਕੀ ਏਸ ਨੂੰ ਹਟਾਉਣਾ।
ਏਹੋ ਜਿਹਾ ਕਾਹਲਾ ਅੱਗ ਲਾਵੇ ਹੁਣੇ ਖੜੀਆਂ ਤੋਂ
ਆਖਕੇ ਤੇ ਮੈਂ ਕਾਹਨੂੰ ਮੁਖੜਾ ਥਕਾਉਣਾ।
ਦੇਖਾਂਗੇ ਤਮਾਸ਼ਾ ਜੇ ਤਾਂ ਅੱਗ ਲਾਊ ਹਟੀ ਤਾਈਂ
ਇਹੋ ਜਹੇ ਲੁੱਚੇ ਨੇ ਕੀ ਇਸ਼ਕ ਕਮਾਉਣਾ।

ਕਰਦਾ ਮਖੌਲ ਘੰਟਾ ਹੋ ਗਿਆ ਨਰੈਣ ਸਿੰਘਾ
ਚਲੋ ਭੈਣੋ ਚਲੋ ਕਾਹਨੂੰ ਮਗਜ਼ ਖਪਾਉਣਾ

ਇੰਦਰ ਨੇ ਅਖ ਨਾ ਝਮਕਣ ਦਿੱਤੀ। ਮਿੱਟੀ ਦੇ ਤੇਲ ਦੇ ਕਈ ਪੀਪੇ ਉਹਨੇ ਦੁਕਾਨ ਵਿੱਚ ਮਧਿਆ ਦਿੱਤੇ ਅਤੇ ਲੋਕਾਂ ਦੇ ਰੋਕਦੇ ਰੋਕਦੇ ਦੁਕਾਨ ਨੂੰ ਅੱਗ ਲਾ ਦਿੱਤੀ। ਸੜਦੇ ਕਪੜਿਆਂ ਦੀਆਂ ਲਾਟਾਂ ਅਸਮਾਨਾਂ ਨੂੰ ਛੂਹਣ ਲੱਗੀਆਂ।

ਮੁਟਿਆਰਾਂ ਦੀ ਟੋਲੀ ਸਹਿਮੀ ਸਹਿਮੀ, ਘਬਰਾਈ ਘਬਰਾਈ ਓਥੋਂ ਖਿਸਕ ਟੁਰੀ। ਉਹ ਇਹ ਨਹੀਂ ਸਨ ਜਾਣਦੀਆਂ ਕਿ ਉਨ੍ਹਾਂ ਦਾ ਨਿੱਕਾ ਜਿਹਾ ਮਖੌਲ ਇਹ ਕਝ ਕਰ ਗੁਜਰੇਗਾ।

ਸਾਰਾ ਬਾਜ਼ਾਰ ਅਗ ਬੁਝਾਉਣ ਵਿਚ ਰੁਝਿਆ ਹੋਇਆ ਸੀ। ਏਧਰ ਇੰਦਰ ਬੇਗੋ ਨੂੰ ਲਭਦਾ ਪਿਆ ਸੀ। ਉਹ ਕਿਧਰੇ ਨਜ਼ਰ ਨਹੀਂ ਸੀ ਆਂਦੀ ਪਈ। ਉਹ ਤਾਂ ਉਹਦਾ ਸਭ ਕੁਝ ਖਸਕੇ ਲੈ ਗਈ ਸੀ। ਉਹ ਪਾਗਲਾਂ ਵਾਂਗ ਬੇਗੋ...ਬੇਗੋ... ਕੂਕਦਾ ਬੇਗੋ ਦੀ ਭਾਲ ਵਿਚ ਨਸ ਟੁਰਿਆ।

ਇੰਦਰ ਹਾਲੋਂ ਬੇਹਾਲ ਹੋਇਆ ਰਾਵੀ ਦੇ ਪੁਲ ਤੇ ਜਾ ਪੁੱਜਾ। ਪੁਲ ਉਤੇ ਬੇਗੋ ਹੋਰੀਂ ਚੰਦ ਮਿੰਟਾਂ ਲਈ ਆਰਾਮ ਕਰ ਰਹੀਆਂ ਸਨ। ਉਨ੍ਹਾਂ ਨੂੰ ਤਕਦੇ ਇੰਦਰ ਦਾ ਸਾਹ ਨਾਲ ਸਾਹ ਰਲਿਆ। ਉਸ ਬੇਗੋ ਅੱਗੇ ਜਾ ਝੋਲੀ ਅੱਡੀ, "ਬੇਗੋ ਮੈਨੂੰ ਛੱਡਕੇ ਤੂੰ ਕਿਧਰ ਨੂੰ ਟੁਰ ਪਈ ਸੈਂ ! ਮੈਂ ਤੇਰੇ ਬਿਨ੍ਹਾਂ ਇਕ ਮਿੰਟ ਵੀ ਜੀ ਨਹੀਂ ਸਕਦਾ। ਮੈਂ ਹੁਣ ਤੇਰੇ ਨਾਲ ਹੀ ਰਹਾਂਗਾ ਤੇਰੀ ਚਾਕਰੀ ਕਰਾਂਗਾ... ਮੇਰੀ ਜਾਨ ਮੇਰੀ ਬੇਗ਼ਮ...।"

ਮੁਟਿਆਰਾਂ ਨੂੰ ਹੁਣ ਆਪਣਾ ਖਹਿੜਾ ਛਡਾਉਣਾ ਔਖਾ ਹੋ ਗਿਆ ਸੀ।

"ਇੰਦਰਾ ਪਿੱਛਾਂਹ ਮੁੜ ਜਾ, ਸਾਡੇ ਮਗਰ ਨਾ ਆਈਂ ! ਬੇਗੋ ਦੇ ਬਾਪ ਨੂੰ ਤੂੰ ਨਹੀਂ ਜਾਣਦਾ ? ਤੇਰੇ ਟੁਕੜੇ ਕਰਕੇ ਉਹਨੇ ਸਾਹ ਲੈਣੈ !" ਬਲਾਸੋ ਨੇ ਡਰਾਵਾ ਦਿੱਤਾ।

ਪਰੰਤੂ ਇੰਦਰ ਤਾਂ ਆਪਣੇ ਆਪ ਨੂੰ ਬੇਗੋ ਦੇ ਹਵਾਲੇ ਕਰ ਚੁੱਕਾ ਸੀ। ਇਕ ਬੇਗੋ ਸੀ ਕਿ ਜਿਸ ਦੇ ਹਿਰਦੇ ਵਿਚ ਇੰਦਰ ਲਈ ਕਣੀ ਮਾਤਰ ਵੀ ਪ੍ਰੇਮ ਨਹੀਂ ਸੀ ਜਾਗਿਆ। ਇਕ ਇੰਦਰ ਸੀ ਜਿਹੜਾ ਬੇਗੋ ਲਈ ਸੱਭੇ ਤਸੀਹੇ ਝੱਲਣ ਨੂੰ

ਤਿਆਰ ਸੀ :

ਬੇਗੋ ਮਾਰੇ ਜੁੱਤੀਆਂ ਫੁੱਲਾਂ ਦੇ ਸਮਾਨ ਜਾਣੂ
ਬੇਗੋ ਤਨ ਚਾਹੇ ਮੇਰਾ ਆਰੇ ਨਾਲ ਚੀਰ ਦੇ
ਮਹੀਂਵਾਲ ਸੁਹਣੀ ਪਿੱਛੇ ਮਹੀਂਵਾਲ ਬਣਿਆ ਸੀ
ਕੰਨ ਪੜਵਾਏ ਰਾਂਝੇ ਪਿੱਛੇ ਜੱਟੀ ਹੀਰ ਦੇ
ਲੁਹਾਰ ਫਰਿਹਾਦ ਤੇਸਾ ਮਾਰ ਮੋਇਆ ਪੇਟ ਵਿਚ
ਰੁੜ੍ਹੀ ਆਵੇ ਲੋਥ ਵਿਚ ਨਹਿਰ ਵਾਲੇ ਨੀਰ ਦੇ
ਬੇਗੋ ਨਾਲ ਜਾਊਂ ਕਹੇ ਇੰਦਰ ਨਰੈਣ ਸਿੰਘਾ
ਟੋਟੇ ਟੋਟੇ ਕਰ ਚਾਹੇ ਸੁੰਦਰ ਸਰੀਰ ਦੇ

ਡੁਬ ਰਹੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਲਹਿਲਹਾਂਦੇ ਪਾਣੀ ਵਿਚ ਕੇਸਰ ਘੋਲ ਰਹੀਆਂ ਸਨ। ਚਹਿਚਹਾਂਦੇ ਪੰਛੀ ਅਪਣੇ ਰੈਣ ਬਸੇਰਿਆਂ ਨੂੰ ਪਰਤ ਰਹੇ ਸਨ। ਮਨਚਲੀਆਂ ਮੁਟਿਆਰਾਂ ਦੀ ਟੋਲੀ ਇਕ ਅਣੋਖੀ ਉਲਝਨ ਵਿਚ ਫਸੀ ਖੜੀ ਸੀ। ਲਟ ਲਟ ਜਲ ਰਹੀ ਹਟੀ ਦੇ ਚੰਗਿਆੜੇ ਅਜੇ ਵੀ ਉਨ੍ਹਾਂ ਦੇ ਕੰਨਾਂ ਵਿਚ ਚਿੜ ਚਿੜ ਪਏ ਕਰਦੇ ਸਨ। ਹਜ਼ਾਰਾਂ ਦੀ ਹੱਟੀ ਦਾ ਮਾਲਕ ਕੰਗਾਲ ਹੋਇਆ ਉਨ੍ਹਾਂ ਦੇ ਸਾਹਮਣੇ ਖੜਾ ਹੁਸਨ ਦੀ ਹੱਟੀ ਤੋਂ ਖੈਰਾਂਤ ਮੰਗ ਰਿਹਾ ਸੀ। ਬੇਗੋ ਦੀ ਮਾਨਸਕ ਹਾਲਤ ਡੱਕੋ ਡੋਲੇ ਖਾਂਦੀ ਪਈ ਸੀ। ਉਹਦੇ ਬਾਪ ਦੀਆਂ ਰੋਹ ਭਰੀਆਂ ਅੱਖਾਂ ਉਹਨੂੰ ਘੂਰਦੀਆਂ ਜਾਪਦੀਆਂ ਸਨ।

"ਬੇਗੋ ਮੇਰੀ ਜ਼ਿੰਦਗੀ ਏ, ਮੈਂ ਇਹਦਾ ਪਿੱਛਾ ਨਹੀਂ ਛੱਡਾਂਗਾ। ਇਹਦੇ ਨਾਲ ਜਾਵਾਂਗਾ, ਇਹਦੇ ਲਈ ਹਰ ਕੁਰਬਾਨੀ ਕਰਾਂਗਾ। ਜੇ ਇਹ ਹੁਣੇ ਆਖੇ, ਮੈਂ ਇਹਦੇ ਸਾਹਮਣੇ ਰਾਵੀ ਵਿਚ ਛਾਲ ਮਾਰ ਦਿਆਂਗਾ, ਬੋਗੋ ਆਖੇ ਤਾਂ ਸਹੀ .....।" ਇੰਦਰ ਨੇ ਦਰਿਆ ਦੇ ਠਾਠਾਂ ਮਾਰਦੇ ਪਾਣੀ ਵਲ ਇਸ਼ਾਰਾ ਕੀਤਾ!

"ਮੇਰੇ ਵਲੋਂ ਤਾਂ ਕਲ ਨੂੰ ਮਰਦਾ ਅੱਜੋ ਡੁੱਬ ਮਰ। ਮੈਂ ਤੈਨੂੰ ਕਦੋਂ ਰੋਕਦੀਆਂ।" ਗੁੱਸੇ ਨਾਲ ਬੇਗੋ ਦਾ ਮੁਖੜਾ ਸੂਹਾ ਗੁਲਾਬ ਹੋ ਗਿਆ ਸੀ।

ਬੇਗੋਂ ਦੇ ਮੁੱਖੋਂ ਇਹ ਬੋਲ ਨਿਕਲਣ ਦੀ ਦੇਰ ਸੀ ਕਿ ਇੰਦਰ ਨੇ ਝਟ ਦਰਿਆ ਵਿਚ ਛਾਲ ਮਾਰ ਦਿੱਤੀ।

ਆਹ! ਬੇਗੋ ਦੇ ਬੋਲਾਂ ਤੇ ਇੰਦਰ ਨੇ ਜਾਨ ਕੁਰਬਾਨ ਕਰ ਦਿੱਤੀ! ਬੇਗੋ

ਝੰਜੋੜੀ ਗਈ। ਇਕ ਪਲ ਉਹ ਅਹਿਲ ਖੜੀ ਘੁੰਮਣ ਘੇਰੀਆਂ ਵਿਚ ਫਸੀ ਇੰਦਰ ਦੀ ਲੋਥ ਵਲ ਤੱਕਦੀ ਰਹੀ, ਤੱਕਦੀ ਰਹੀ ! ਉਸ ਦੀ ਤੱਕਣੀ ਵਿਚ ਪਛਤਾਵਾ ਸੀ, ਤੜਪ ਸੀ, ਅਪਣੇ ਪਿਆਰੇ ਲਈ ਜਿੰਦੜੀ ਘੋਲ ਘੁਮਾਵਣ ਦੀ ਲਾਲਸਾ ਸੀ।

ਬੇਗੋ ਦੀਆਂ ਸਹੇਲੀਆਂ ਨੇ ਤੱਕਿਆ, ਬੇਗੋ ਉਨ੍ਹਾਂ ਦੇ ਵਿਚਰਾਰ ਨਹੀਂ ਸੀ ! ਉਹ ਤਾਂ ਰਾਵੀ ਦਰਿਆ ਦੀਆਂ ਖ਼ੂਨੀ ਲਹਿਰਾਂ ਵਿਚਕਾਰ ਆਪਣੇ ਪਿਆਰੇ ਇੰਦਰ ਨੂੰ ਢੂੰਡ ਰਹੀ ਸੀ।

ਦੋ ਲੋਥਾਂ ਕੱਠੀਆਂ ਵਹਿ ਰਹੀਆਂ ਸਨ। ਕਾਵਾਂ ਦੀ ਇਕ ਟੋਲੀ ਉਨ੍ਹਾਂ ਉੱਤੋਂ ਦੀ ਕਾਂ ਕਾਂ ਕਰਦੀ ਉਡ ਰਹੀ ਸੀ । ਸੂਰਜ ਚਰੋਕਣਾ ਡੁੱਬ ਚੁੱਕਾ ਸੀ।

# ਨੌਤਾ ਸਲਫ਼ੀ

ਜਲਾਲੀਏ ਲੁਹਾਰੀਏ ਨੀ
ਕੀ ਤੂੰ ਪਰੀ ਪਹਾੜ ਦੀ
ਕੀ ਅਸਮਾਨੀ ਹੂਰ
ਸੁਹਣੀ ਦਿੱਸੇਂ ਫਲ ਵਾਂਗ
ਤੈਥੋਂ ਮੈਲ ਰਹੀ ਏ ਦੂਰ
ਤੈਨੂੰ ਵੇਖਣ ਆਉਂਦੇ
ਹੋ ਹੋ ਜਾਂਦੇ ਚੂਰ ।

ਰੋਡਾ ਜਲਾਲੀ ਹੁਸ਼ਿਆਰਪੁਰ ਦੇ ਇਲਾਕੇ ਦੀ ਪ੍ਰੀਤ ਕਹਾਣੀ ਹੈ। ਸਤਾਰੁਵੀਂ-ਸਦੀ ਦੇ ਅੰਤ ਵਿਚ ਇਹ ਕਹਾਣੀ ਹੁਸ਼ਿਆਰਪੁਰ ਜ਼ਿਲੇ ਦੇ ਇਕ ਪਿੰਡ ''ਲਾਲ ਸਿੰਙੀ'' ਵਿਚ ਵਾਪਰੀ। ਕਿਸ਼ੋਰ ਚੰਦ ਅਤੇ ਬੂਟਾ ਗੁਜਰਾਤੀ ਨੇ ਇਸ ਬਾਰੇ ਦੋ ਕਿੱਸੇ ਜੋੜੇ ਸਨ। ਇਨ੍ਹਾਂ ਕਿੱਸਿਆਂ ਤੋਂ ਬਿਨਾਂ ਰੋਡਾ-ਜਲਾਲੀ ਬਾਰੇ ਪੰਜਾਬ ਦੀਆਂ ਤੀਵੀਆਂ ਕਈ ਇਕ ਲੋਕ ਗੀਤ ਵੀ ਗਾਉਂਦੀਆਂ ਹਨ।

੨

ਬਲਖ ਬੁਖਾਰੇ ਦਾ ਜਮਪਲ ਆਧਣੀ ਮਾਂ ਦੀ ਮੌਤ ਦੇ ਵੈਰਾਗ ਵਿਚ ਫ਼ਕੀਰ ਹੋਇਆ ਰੋਡਾ ਪਾਕਪਟਣੋਂ ਹੁੰਦਾ ਹੋਇਆ ਹੁਸ਼ਿਆਰਪੁਰ ਜ਼ਿਲੇ ਦੇ ਇਕ ਪਿੰਡ 'ਲਾਲ ਸਿੰਙੀ' ਆ ਪੁੱਜਾ। ਪਿੰਡ ਤੋਂ ਅੱਧ ਕੁ ਮੀਲ ਦੀ ਦੂਰੀ ਤੇ ਪੂਰਬ ਵਲ ਦੇ ਪਾਸੇ ਸੁਹਾਂ ਨਦੀ ਕੇ ਕੰਢੇ ਇਕ ਸ਼ਾਨਦਾਰ ਬਾਗ ਸੀ, ਉਸ ਬਾਗ ਵਿਚ ਇਸ ਫ਼ਕੀਰ ਨੇ ਜਾ ਡੇਰੇ ਲਾਏ।

ਫ਼ਕੀਰ ਇਕੀ ਬਾਈ ਵਰ੍ਹੇ ਦਾ ਸੁਨੱਖਾ ਜੁਆਨ ਸੀ। ਗੇਰੂਏ ਕਪੜੇ ਉਹਦੇ ਸਿਓ ਜਹੇ ਦਗ ਦਗ ਕਰਦੇ ਸਰੀਰ ਤੇ ਬਣ ਬਣ ਪੈਂਦੇ ਸਨ। ਰੂਪ ਉਹਦਾ ਝਲਿਆ ਨਾ ਸੀ ਜਾਂਦਾ। ਇਕ ਅਣੋਖਾ ਜਲਾਲ ਉਹਦੇ ਮਸਤਕ ਤੇ ਟਪਕ ਰਿਹਾ ਸੀ,

ਅੱਖ਼ੀਆਂ ਰੱਜ ਰੱਜ ਜਾਂਦੀਆਂ ਸਨ ।

ਪਿੰਡ ਵਿੱਚ ਨਵੇਂ ਫ਼ਕੀਰਾਂ ਦੀ ਆਮਦ ਦੀ ਚਰਚਾ ਸ਼ੁਰੂ ਹੋ ਗਈ, ਨਵੇਂ ਸ਼ਰਧਾਲੂ ਪੈਦਾ ਹੋ ਗਏ । ਬੜੀਆਂ ਪਿਆਰੀਆਂ ਕਰਾਮਾਤੀ ਕਥਾਵਾਂ ਉਸ ਬਾਰੇ ਘੜੀਆਂ ਜਾਣ ਲੱਗੀਆਂ । ਕਿਸੇ ਦੀ ਮੱਝ ਗੁਆਚ ਗਈ, ਰੋਡੇ ਮੰਤਰ ਪੜ੍ਹਿਆ, ਮੱਝ ਆਪਣੇ ਆਪ ਅਗਲੇ ਦੇ ਕੀਲੇ ਜਾ ਖੜੀ । ਕਿਸੇ ਦੀ ਗਊ ਨੇ ਦੁਧ ਨਾ ਦਿੱਤਾ, ਫ਼ਕੀਰ ਨੇ ਪੇੜਾ ਕੀਤਾ, ਗਊ ਧਾਰੀਂ ਪੈ ਗਈ । ਕਿਸੇ ਦਾ ਜੁਆਕ ਢਿੱਲਾ ਹੋ ਗਿਆ, ਰੋਡੇ ਝਾੜਾ ਝਾੜਿਆ, ਮੁੰਡਾ ਨੌਂ-ਬਰ ਨੌਂ । ਇਸ ਪਰਕਾਰ ਰੋਡੇ ਫ਼ਕੀਰ ਦੀ ਮਹਿਮਾ ਘਰ ਘਰ ਹੋਣ ਲਗ ਪਈ । ਪਿੰਡ ਦੇ ਲੋਕੀ ਅਪਾਰ ਸ਼ਰਧਾ ਨਾਲ ਰੋਡੇ ਨੂੰ ਪੂਜਣ ਲਗ ਪਏ । ਮਾਈਆਂ ਬਣ ਸੰਵਰ ਕੇ ਸੰਤਾਂ ਦੇ ਦਰਸ਼ਣਾਂ ਨੂੰ ਜਾਂਦੀਆਂ, ਆਪਣੇ ਮਨ ਦੀਆਂ ਮੁਰਾਦਾਂ ਲਈ ਰੋਡੇ ਪਾਸੋਂ ਅਸੀਸਾਂ ਮੰਗਦੀਆਂ, ਆਪਣੇ ਦੁਖ ਸੁਖ ਫੋਲਦੀਆਂ । ਰੋਡਾ ਬੜੇ ਧਿਆਨ ਨਾਲ ਸੁਣਦਾ, ਸ਼ਹਿਦ ਜਹੇ ਮਿਠੇ ਬੋਲ ਬੋਲਦਾ, ਸਾਰਿਆਂ ਦੇ ਦਿਲ ਮੋਹੇ ਜਾਂਦੇ ।

ਇਸੇ ਪਿੰਡ ਦੇ ਲੁਹਾਰਾਂ ਦੀ ਧੀ ਜਲਾਲੀ ਦੇ ਰੂਪ ਦੀ ਬੜੀ ਚਰਚਾ ਸੀ । ਕੋਈ ਗੱਭਰੂ ਅਜੇ ਤੀਕਰ ਉਹਨੂੰ ਜਚਿਆ ਨਹੀਂ ਸੀ, ਕਿਸੇ ਨੂੰ ਵੀ ਉਹ ਆਪਣੇ ਨੱਕ ਥੱਲੇ ਨਹੀਂ ਸੀ ਲਿਆਉਂਦੀ । ਸਾਰੇ ਜਲਾਲੀ ਨੂੰ ਪਿੰਡ ਦਾ ਸ਼ਿੰਗਾਰ ਸੱਦਦੇ ਸਨ, ਪਹਾੜਾਂ ਦੀ ਪਰੀ ਆਖਦੇ ਸਨ :—

ਜਲਾਲੀਏ ਲੁਹਾਰੀਏ ਨੀ
ਕੀ ਤੂੰ ਪਰੀ ਪਹਾੜ ਦੀ
ਕੀ ਅਸਮਾਨੀ ਹੂਰ
ਸੁਹਣੀ ਦਿੱਸੇਂ ਫੁਲ ਵਾਂਗ
ਤੈਥੋਂ ਮੈਲ ਰਹੀ ਏ ਦੂਰ
ਤੈਨੂੰ ਵੇਖਣ ਆਉਂਦੇ
ਹੋ ਹੋ ਜਾਂਦੇ ਚੂਰ ।

ਤਾਬ ਨਾ ਕੋਈ ਕੋਈ ਝੱਲਦਾ
ਤੇਰਾ ਏਡਾ ਚਮਕੇ ਨੂਰ
ਘਰ ਲੁਹਾਰਾਂ ਜੰਮੀਓਂ
ਜਿਵੇਂ ਕੱਲਰ ਉੱਗਾ ਰੁੱਖ
ਜੀਵਨ ਤੈਨੂੰ ਵੇਖ ਕੇ
ਤੇ ਭੁਲਣ ਸਾਰੇ ਦੁੱਖ
ਫਟਕਣ ਪੰਛੀ ਵੇਖ ਕੇ
ਤੇਰਾ ਸੁਹਣਾ ਮੁੱਖ
ਜੇ ਵੇਖੇਂ ਵਿਚ ਸੁਹਾਂ ਦੇ,
ਤੇਰੀ ਵੀ ਲਹਿਜੇ ਭੁੱਖ ।

ਜਲਾਲੀ ਨੇ ਵੀ ਰੋਡੇ ਫ਼ਕੀਰ ਦੀ ਚਰਚਾ ਸੁਣੀ । ਉਹ ਇਕ ਦਿਨ ਅਪਣੀਆਂ ਸਹੇਲੀਆਂ ਨਾਲ ਬਾਗ ਵਿਚ ਜਾ ਪੁੱਜੀ । ਰੋੜਾ ਸਮਾਧੀ ਲਾਈਂ ਸਿਮਰਨ ਕਰ ਰਿਹਾ ਸੀ । ਸਾਰੀਆਂ ਨਮਸਕਾਰ ਕਰਕੇ ਬੈਠ ਗਈਆਂ । ਰੋਡੇ ਅੱਖ ਨਾ ਝਮਕੀ: ਬਸ ਮਸਤ ਰਿਹਾ !

ਜਲਾਲੀ ਮਿਸਰਨ ਕਰੇਂਦੇ ਰੋਡੇ ਵੱਲ ਤਕਦੀ ਰਹੀ, ਮੁਸਕਾਨਾਂ ਬਖੇਰਦੀ ਰਹੀ । ਕੋਈ ਰਾਂਗਲਾ ਸੁਪਨਾ ਉਹਨੂੰ ਸਾਕਾਰ ਹੁੰਦਾ ਜਾਪਿਆ ! ਹੁਸਨ ਦਾ ਬੁੱਤ ਬਣਿਆ ਰੋਡਾ ਜਲਾਲੀ ਦੇ ਧੁਰ ਅੰਦਰ ਦਿਲ ਵਿਚ ਲਹਿ ਗਿਆ । ਜਲਾਲੀ ਆਪਣੇ ਆਪ ਮੁਸਕਰਾਈ । ਉਹ ਸਾਰੀਆਂ ਜਾਣ ਲਈ ਖੜੋ ਗਈਆਂ । ਰੋਡੇ ਅੱਖ ਖੋਲ੍ਹੀ, ਸਾਹਮਣੇ ਜਲਾਲੀ ਹੱਥ ਜੋੜੀ ਖੜੀ ਸੀ ।

ਸੂਰਜਮੁਖੀ ਦੇ ਫੁੱਲ ਵਾਗ ਖਿੜਿਆ ਜਲਾਲੀ ਦਾ ਪਿਆਰਾ ਮੁੱਖੜਾ ਰੋਡੇ ਦੀ ਬਿਰਤੀ ਉਖੇੜ ਗਿਆ । ਰੋਡਾ ਸੁਆਦ ਸੁਆਦ ਹੋ ਗਿਆ ।

ਸਾਰੀ ਰਾਤ ਜਲਾਲੀ ਰੋਡੇ 'ਚ ਖੋਟੀ ਰਹੀ । ਸਵੇਰ ਹੁੰਦੇ ਸਾਰ ਹੀ ਉਸ ਬਾਗ ਵਿਚ ਆ ਰੋਡੇ ਨੂੰ ਸਿਜ਼ਦਾ ਕੀਤਾ । ਹੁਸਨ ਇਸ਼ਕ ਦੇ ਗੱਲ ਬਾਹੀਂ ਪਾ ਲਈਆਂ ।

"ਰੋਡਿਆ ਤੂੰ ਮੇਰੇ ਤੇ ਕੀ ਜਾਦੂ ਧੂੜ ਦਿੱਤਾ ਹੈ, ਮੈਂ ਸਾਰੀ ਰਾਤ ਪਲ ਲਈ ਵੀ ਸੌਂ ਨਹੀਂ ਸਕੀ। ਤੇਰੇ ਖਿਆਲਾਂ 'ਚ ਮਗਨ ਰਹੀ ਆਂ।" ਹੁਸਨ ਮਚਲਿਆ।

"ਜਲਾਲੀਏ ਧੰਨੇ ਨੇ ਪੱਥਰ ਚੋਂ ਪਾ ਲਿਆ ਏ, ਮੇਰੀ ਭਗਤੀ ਪੂਰੀ ਹੋ ਗਈ ਏ। ਤੇਰੇ 'ਚ ਮੈਨੂੰ ਰੱਬ ਨਜ਼ਰੀਂ ਪਿਆ ਆਉਂਦਾ ਏ। ਜਦੋਂ ਦੀ ਤੂੰ ਮੇਰੇ ਪਾਸੋਂ ਗਈ ਏਂ ਮੈਨੂੰ ਚੈਨ ਨਹੀਂ ਆਇਆ। ਹੁਣ ਤੂੰ ਆ ਗਈ ਏਂ ਜਾਣੀ ਸਤੇ ਬਹਿਸ਼ਤਾਂ ਮੇਰੀ ਝੋਲੀ ਵਿਚ ਨੇ।" ਰੋਡਾ ਹੁਸੀਨ ਤੋਂ ਹੁਸੀਨ ਹੋ ਰਿਹਾ ਸੀ।

"ਰੋਡਿਆ ਅਜ ਅਸੀਂ ਦਿਲਾਂ ਦੇ ਸੌਦੇ ਕਰ ਲਏ ਨੇ, ਤੂੰ ਪੂਰਾ ਉਤਰੀਂ ਕਿਧਰੇ ਮੇਰਾ ਕੱਚ ਜਿਹਾ ਦਿਲ ਤੋੜ ਕੇ ਅਗਾਂਹ ਨਾ ਟੁਰ ਜਾਵੀਂ।"

"ਜਲਾਲੀਏ ਇਹ ਕੀ ਆਂਹਦੀ ਏਂ ਤੂੰ। ਮੈਂ ਏਥੋਂ ਟੁਰ ਜਾਵਾਂਗਾ ? ਇਕੋ ਇਕ ਦਿਲ ਸੀ ਮੇਰਾ ਉਹ ਤੂੰ ਖੱਸ ਲਿਆ ਏ। ਹੋਰ ਕੀ ਏ ਇਸ ਦੁਨੀਆਂ 'ਚ ਮੇਰੇ ਲਈ ? ਬਸ ਤੂੰ ਹੀ ਏਂ ! ਭਲਾ ਮੈਂ ਤੈਨੂੰ ਕਿਵੇਂ ਛੱਡ ਸਕਦਾ ਹਾਂ। ਤੂੰ ਮੇਰੀ ਜ਼ਿੰਦਗੀ ਏਂ, ਮੇਰਾ ਇਸ਼ਟ ਏਂ ! ਡਰ ਹੈ ਜਲਾਲੀਏ ਕਿਧਰੇ ਤੂੰ ਲੋਕਾਂ ਦੀ ਬਦਨਾਮੀ ਤੋਂ ਡਰਦੀ ਆਪਣਾ ਪਿਆਰਾ ਮੁਖ ਮੈਥੋਂ ਨਾ ਮੋੜ ਲਵੀਂ।"

"ਮੈਨੂੰ ਆਪਣੀ ਜਵਾਨੀ ਦੀ ਸਹੁੰ ਰੋਡਿਆ ! ਮੈਂ ਲੱਗੀਆਂ ਤੋੜ ਨਿਭਾਵਾਂਗੀ ਮਰ ਜਾਵਾਂਗੀ ਪਰ ਪਿੱਛਾਂ ਨਹੀਂ ਪਰਤਾਂਗੀ। ਤੂੰ ਮੇਰਾ ਹਰ ਰੋਜ਼ ਤੜਕਸਾਰ ਸੂਹਾਂ ਦੇ ਕੰਢੇ ਇੰਤਜ਼ਾਰ ਕਰਿਆ ਕਰੀਂ। ਓਹ ਕੋਈ ਆਂਦਾ ਪਿਆ ਏ, ਆਹ ਸਾਂਭ ਲੈ ਮੇਰੀ ਪਿਆਰ ਨਿਸ਼ਾਨੀ ....।"

ਹੁਣ ਜਲਾਲੀ ਦਾ ਛੱਲਾ ਰੋਡੇ ਦੀ ਉਂਗਲ ਤੇ ਸੀ।

ਜਲਾਲੀ ਹਰ ਤੜਕੇ ਸੂਹਾਂ ਦੇ ਕੰਢੇ ਜਾ ਪੁਜਦੀ। ਸਾਰੀ ਦਿਹਾੜੀ ਪਿਆਰੇ ਦੀ ਯਾਦ ਵਿਚ ਤੜਪਦੀ, ਪਿਆਰੇ ਰੋਡੇ ਦਾ ਜਾ ਦੀਦਾਰ ਖਰਦੀ :

ਉੱਤੇ ਨਦੀ ਦੇ ਜਾਇਕੇ ਰੋਜ਼ ਮਿਲਦੀ,
ਬਿਨਾਂ ਮਿਲੇ ਦੇ ਨਹੀਂ ਅਧਾਰ ਹੈ ਜੀ
ਹੋਏ ਘੜੀ ਵਿਛੋੜੇ ਦੇ ਵਾਂਗ ਸੂਲੀ,

ਜਾਨ ਹੋਂਵਦੀ ਜੋ ਆਵਾਜ਼ਾਰ ਹੈ ਜੀ
ਬਿਨਾਂ ਲੱਗੀਆਂ ਕੋਈ ਨਾ ਜਾਣਦਾ ਹੈ,
ਜੀਹਨੂੰ ਲੱਗੀਆਂ ਓਸ ਨੂੰ ਸਾਰ ਹੈ ਜੀ ।
ਹੋਈ ਭੁੱਜ ਮਨੂਰ ਲੁਹਾਰ ਬੱਚੀ,
ਬਣੇ ਘੜੀ ਦਾ ਵੀ ਜੁਗ ਚਾਰ ਹੈ ਜੀ ।
ਹੰਦੇ ਨਾਗ ਮਲੂਮ ਨੇ ਪੂਣੀਆਂ ਦੇ,
ਜਦੋਂ ਕੱਤਣ ਜਾਏ ਭੰਡਾਰ ਹੈ ਜੀ
ਪਾਇਆ ਭੱਠ ਕਸੀਦੇ ਦੇ ਕਢਣੇ ਨੂੰ,
ਪੈਂਦੀ ਭੁਲਕੇ ਨਾ ਇਕ ਤਾਰ ਹੈ ਜੀ
ਮਿਲੇ ਜਦੋਂ ਜਲਾਲੀ ਜਾ ਯਾਰ ਤਾਈਂ,
ਓਦੋਂ ਵਸਦਾ ਦਿਸੇ ਸੰਸਾਰ ਹੈ ਜੀ
ਕਿਸੇ ਕੰਮ ਦੇ ਵਿਚ ਨਾ ਚਿਤ ਲਗੇ,
ਕਰੇ ਆਸ਼ਕੀ ਅਤੀ ਲਚਾਰ ਹੈ ਜੀ ।

(ਕਿਸ਼ੋਰ ਚੰਦ)

ਇਸ਼ਕ ਮੁਸ਼ਕ ਕਦੋਂ ਛੁਪਾਇਆਂ ਛੁਪਦੇ ਨੇ । ਜਲਾਲੀ ਅਤ ਰੋਡੇ ਦੇ ਇਸ਼ਕ ਦੀ ਚਰਚਾ ਪਿੰਡ ਵਿਚ ਛਿੜ ਪਈ । ਜਲਾਲੀ ਦੇ ਮਾਪਿਆਂ ਦੇ ਕੰਨੀ ਵੀ ਉਡਦੀ ਉਡਦੀ ਭਿਣਕ ਜਾ ਪਈ । ਉਨ੍ਹਾਂ, ਉਨ੍ਹਾਂ ਦੇ ਇਸ਼ਕ ਨੂੰ ਪਰਵਾਨ ਨਾ ਕੀਤਾ। ਉਨ੍ਹਾਂ ਜਲਾਲੀ ਨੂੰ ਡਰਾਇਆ, ਧਮਕਾਇਆ ਅਤੇ ਆਪਣੀ ਨਗਰਾਨੀ ਵਿਚ ਰੱਖਣਾ ਸ਼ੁਰੂ ਕਰ ਦਿੱਤਾ ।

ਹੁਣ ਰੋਡਾ ਆਪੂੰ, ਆਪਣੇ ਪਿਆਰੇ ਦੇ ਦੀਦਾਰ ਲਈ, ਜਲਾਲੀ ਦੇ ਦਰ ਅਗੇ ਅਲਖ ਜਗਾਉਂਦਾ । ਉਹਦੇ ਹੱਥੋਂ ਖੈਰਾਤ ਲਏ ਬਿਨਾਂ ਅਗਾਂਹ ਇਕ ਕਦਮ ਨਾ ਪੁਟਦਾ । ਏਥੋ ਤੀਕਰ ਗੱਲ ਅੱਪੜ ਗਈ ਕਿ ਇਕ ਦਿਨ ਉਹਨੇ ਜਲਾਲੀ ਦੀ ਮਾਂ ਦੇ ਹੱਥੋਂ ਖੈਰਾਤ ਲੈਣ ਤੋਂ ਸਾਫ ਇਨਕਾਰ ਕਰ ਦਿਤਾ ਤੇ ਉਨ੍ਹਾਂ ਦੇ ਦਰਾਂ ਦੇ ਅਗੇ ਧੂਣਾ ਤਾਪ ਦਿੱਤਾ । ਜਲਾਲੀ ਨੇ ਆਪੂ ਵੀ ਉਹਨੂੰ ਬੜਾ ਸਮਝਾਇਆ, ਪਰ

ਰੋਡਾ ਨਾ ਮੰਨਿਆ :—

"ਕਿੱਥੋਂ ਤੇ ਵੇ ਤੂੰ ਆਇਆ
ਜਾਣਾ ਕਿਹੜੇ ਦੇਸ਼
ਵੇ ਫ਼ਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।"

"ਪੱਛਮ ਤੋਂ ਨੀ ਮੈਂ ਆਇਆ
ਜਾਣਾ ਦੱਖਣ ਦੇਸ਼
ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।"

"ਜੇ ਤੂੰ ਭੁਖਾ ਰੋਟੀ ਦਾ ਵੇ
ਲੱਡੂਆ ਦਿੰਨੀਆਂ ਮੰਗਾ
ਵੇ ਫਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।"

"ਨਾ ਮੈਂ ਭੁੱਖਾ ਰੋਟੀ ਦਾ ਨੀ
ਲੈਂਣਾ ਤੇਰਾ ਦੀਦਾਰ
ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।"

"ਜੇ ਤੂੰ ਪਿਆਸਾ ਪਾਣੀ ਦਾ ਵੇ
ਦੁਧੂਆ ਦਿੰਨੀਆਂ ਮੰਗਾ
ਵੇ ਫ਼ਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।"

"ਨਾਂ ਮੈਂ ਪਿਆਸਾ ਪਾਣੀ ਦਾ ਨੀ
ਲੈਣਾ ਤੇਰਾ ਦੀਦਾਰ

ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ

''ਜੇ ਤੂੰ ਨੰਗਾ ਬਸਤਰ ਦਾ ਵੇ
ਬਸਤਰ ਦਿੰਨੀਆਂ ਸਮਾਂ
ਵੇ ਫ਼ਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ

''ਨਾ ਮੈਂ ਨੰਗਾ ਬਸਤਰ ਦਾ ਨੀ
ਲੈਣਾ ਤੇਰਾ ਦੀਦਾਰ
ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ

''ਜੇ ਤੂੰ ਭੁੱਖਾ ਰੰਨਾ ਦਾ ਵੇ
ਵਿਆਹ ਦਿੰਨੀਆਂ ਕਰਵਾ
ਵੇ ਫ਼ਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ

''ਨਾ ਮੈਂ ਭੁੱਖਾ ਰੰਨਾ ਦਾ ਨੀ
ਲੈਣਾ ਤੇਰਾ ਦੀਦਾਰ
ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ

''ਦਰ ਵਿੱਚੋਂ ਧੂਣਾ ਚੱਕ ਲੈ ਵੇ
ਬਾਹਰੋਂ ਆਜੂ ਮੇਰਾ ਬਾਪ
ਵੇ ਫਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ

''ਦਰ ਵਿਚੋਂ ਧੂਣਾ ਨਾ ਚਕੱਣਾ ਨੀ
ਲੈਣਾ ਤੇਰਾ ਦੀਦਾਰ

ਨੀ ਲੁਹਾਰੀਏ

ਭਲਾ ਸਾਲੂ ਵਾਲੀਏ ਨੀ ਗੋਰੀਏ।"

ਪਰੰਤੂ ਰੋਡੇ ਨੇ ਜਲਾਲੀ ਦੇ ਦਰਾਂ ਅੱਗੋਂ ਧੂਣਾ ਨਾ ਚੁੱਕਿਆ। ਜਲਾਲੀ ਦੇ ਭਰਾਵਾਂ ਨੇ ਉਹਨੂੰ ਮਾਰ ਮਾਰ ਕੇ ਅਧਮੋਇਆ ਕਰ ਸੁਟਿਆ ਅਤੇ ਰਾਤ ਸਮੇਂ ਸੁਹਾਂ ਨਦੀ ਵਿਚ ਹੜ੍ਹਾ ਆਏ। ਪਰ ਦੂਜੀ ਭਲਕ ਰੋਡੇ ਨੇ ਆ ਕੇ ਜਲਾਲੀ ਦੇ ਦਰਾਂ ਅੱਗੇ ਧੂਣਾ ਤਾਪ ਦਿੱਤਾ।

ਜਲਾਲੀ ਅੰਦਰ ਨਰੜੀ ਪਈ ਤੜਪਦੀ ਰਹੀ। ਕਹਿੰਦੇ ਨੇ ਜਲਾਲੀ ਦੇ ਭਰਾਵਾਂ ਨੂੰ ਰੋਡੇ ਦੇ ਦੋਬਾਰਾ ਮੁੜ ਆਣ ਤੇ ਐਨਾ ਗੁੱਸਾ ਚੜ੍ਹਿਆ ਕਿ ਉਨ੍ਹਾਂ ਨੇ ਟੁਕੜੇ ਟੁਕੜੇ ਕਰਕੇ ਖੂਹ ਵਿਚ ਸੁੱਟ ਦਿੱਤੇ ਅਤੇ ਮਗਰੋਂ ਜਲਾਲੀ ਨੂੰ ਵੀ ਮਾਰ ਮੁਕਾਇਆ।

ਇਸ ਪ੍ਰੀਤ ਕਥਾ ਦਾ ਅੰਤ ਇਸ ਪ੍ਰਕਾਰ ਵੀ ਦੱਸਿਆ ਜਾਂਦਾ ਹੈ ਕਿ ਜਲਾਲੀ ਦੀ ਮਾਂ ਨੇ ਰੋਡੇ ਨੂੰ ਗਲੋਂ ਲਾਹੁਣ ਲਈ ਧੂਣਾ ਤਾਪਦੇ ਰੋਡੇ ਕੋਲ ਆ ਕੇ ਆਖਿਆ "ਰੋਡਿਆ ਤੇਰੀ ਜਲਾਲੀ ਕਈ ਦਿਨਾਂ ਦੀ ਅੰਦਰ ਬੀਮਾਰ ਪਈ ਹੈ, ਉਹ ਤਦ ਹੀ ਬਚ ਸਕਦੀ ਹੈ ਜੇ ਉਹਦੇ ਲਈ ਕਿਧਰੋਂ ਸ਼ੇਰਨੀ ਦਾ ਦੁਧ ਮਿਲ ਜਾਵੇ। ਜੇ ਤੂੰ ਸ਼ੇਰਨੀ ਦਾ ਦੁਧ ਲਿਆ ਦੇਵੇਂ ਤਾਂ ਅਸੀਂ ਜਲਾਲੀ ਦਾ ਤੇਰੇ ਨਾਲ ਵਿਆਹ ਕਰ ਦੇਵਾਂਗੇ।"

ਇਹ ਸੁਣਦੇ ਸਾਰ ਹੀ ਰੋਡਾ ਸ਼ੇਰਨੀ ਦੇ ਦੁਧ ਦੀ ਭਾਲ ਵਿਚ ਜੰਗਲਾਂ ਵੱਲ ਨੂੰ ਨਸ ਟੁਰਿਆ।

ਜਦੋਂ ਜਲਾਲੀ ਨੇ ਆਪਣੀ ਮਾਂ ਦੀ ਰੋਡੇ ਨੂੰ ਸ਼ੇਰਾਂ ਕੋਲੋਂ ਮਰਵਾਉਣ ਦੀ ਇਹ ਵਿਊਂਤ ਸੁਣੀ ਤਾਂ ਉਹ ਵੀ ਰੋਡਾ ਰੋਡਾ ਕੂਕਦੀ ਰੋਡੇ ਦੇ ਮਗਰੇ ਜੰਗਲ ਵਿਚ ਜਾਂ ਪੁੱਜੀ।

ਜੰਗਲ ਵਿਚੋਂ ਦੋਵੇਂ ਮਿਲ ਪਏ ਜਾਂ ਦੋਵਾਂ ਨੂੰ ਜੰਗਲੀ ਜਾਨਵਰਾਂ ਨੇ ਮਾਰ ਮੁਕਾਇਆ ਇਸ ਬਾਰੇ ਕੋਈ ਨਿਰਣਾ ਨਹੀਂ ਕੀਤਾ ਜਾ ਸਕਦਾ।

# ਅੰਤਕਾ

# ਲੋਕ-ਗੀਤ

## ਹੀਰ ਰਾਂਝਾ

੧

ਹੀਰ ਜੰਮੀ ਸੀ ਝੰਗ ਸਿਆਲੀਂ
ਰਾਂਝਾ ਤਖਤ ਹਜ਼ਾਰੇ
ਦੁਖੀਏ ਆਸ਼ਕ ਨੂੰ
ਨਾ ਝਿੜਕੀਂ ਮੁਟਿਆਰੇ

੨

ਕੁੜੀਏ ਨੀ ਧਨੀਆਂ ਨੀ ਬੀਜਾਏ
ਝੰਗ ਸਿਆਲਾਂ ਦੇ ਖੂਹ ਤੇ
ਮੁੰਡਿਆ ਵੇ ਬੰਸਰੀ ਵਾਲਿਆ
ਆ ਮਿਲੀਏ ਝੰਗ ਸਿਆਲਾਂ ਦੇ ਖੂਹ ਤੇ

੩

ਵਗਦੀ ਰਾਵੀ ਵਿਚ
ਦੁੰਬ ਵੇ ਜਵਾਰ ਜਾ
ਮੈਂ ਅੰਗਰੇਜ਼ਣ ਬੂਟੀ
ਰਾਂਝਾ ਫੂਲ ਵੇ ਗੁਲਾਬ ਦਾ

੪

ਕਾਹੇ ਦੀ ਕਾਰਨ ਮਹਿਲ ਚੁਣਾਏ
ਕਾਹੇ ਨੂੰ ਰੱਖੀਆਂ ਮੋਰੀਆਂ
ਵਸਣੇ ਦੇ ਕਾਰਨ ਮਹਿਲ ਚੁਣਾਏ
ਵੇਖਣੇ ਨੂੰ ਰੱਖੀਆਂ ਮੋਰੀਆਂ
ਆ ਮੀਆਂ ਰਾਂਝਾ ਖੇਤੀ ਵੀ ਕਰੀਏ
ਖੇਤੀ ਕਰ ਲਈਏ ਨਿਆਰੀ
ਇਸ ਕਿਆਰੀ ਵਿਚ ਕੀ ਕੁਝ ਬੀਜਿਆ
ਬੀਜਿਆ ਲੌਂਗ ਸੁਪਾਰੀ
ਗੜਵਾ ਗੜਵਾ ਸਜਨਾ ਨੇ ਪਾਇਆ
ਲੱਗੇ ਲੌਂਗ ਸੁਪਾਰੀ

੫

ਤੇਰੀ ਤੇਰੀ ਕਾਰਨ ਚੀਰੇ ਵਾਲਿਆ
ਮੈਂ ਬਾਗੋਂ ਲਿਆਈ ਭੂੰਕਾ ਵੇ
ਰਿਨ੍ਹ ਬਣਾਕੇ ਥਾਲੀ ਪਾਵਾਂ
ਕੋਈ ਆਪਣੇ ਰਾਂਝੇ ਜੋਗੀ ਵੇ
ਤੇਰੀ ਤੇਰੀ ਕਾਰਨ ਚੀਰੇ ਵਾਲਿਆ
ਮੈਂ ਸਿਖਰ ਦੁਪਹਿਰੇ ਆਈ ਵੇ
ਪੈਰੀਂ ਛਾਲੇ ਪੈ ਗਏ
ਤਪੇ ਟਿਬਿਆਂ ਦਾ ਰੇਤ ਵੇ
ਤੇਰੀ ਤੇਰੀ ਕਾਰਨ ਚੀਰੇ ਵਾਲਿਆ
ਮੈਂ ਮੀਂਹ ਵਰਸੇਂਦੇ ਆਈ ਵੇ
ਭਿਜਗੀ ਤੇੜ ਦੀ ਲੂੰਗੀ
ਕੋਈ ਭਿਜਗੀ ਜਰਦ ਕਨਾਰੀ ਵੇ
ਤੇਰੀ ਤੇਰੀ ਕਾਰਨ ਚੀਰੇ ਵਾਲਿਆ

ਮੈਂ ਅਧਰਾਤੀ ਰਾਤੋਂ ਆਈ ਵੇ
ਗਲੀ ਗਲੀ ਦੇ ਕੁੱਤੇ ਭੌਂਕਣ
ਕੋਈ ਚਰਚਾ ਕਰੇ ਲੁਕਾਈ ਵੇ

੬

ਉੱਚੀ ਰੋੜੀ ਜੀ ਜੋਗੀ ਕਿਉਂ ਖੜਾ
ਵਿਹੜੇ ਆਵੋ ਜੀ ਅਲਖ ਜਗਾਵੋ
ਵਿਹੜੇ ਤੇਰੇ ਨੀ ਕਿਕਣ ਮੈਂ ਆਵਾਂ
ਨੀ ਹੀਰੇ ਨਿਆਣੀਏਂ
ਮਾਂ ਜੋ ਮੇਰੀ ਨੀ ਬੋਲਣ ਹਾਰੇ
ਮਾਂ ਜੇ ਤੇਰੀ ਜੀ ਸਸ ਜੋ ਮੇਰੀ ਬੀਬਾ
ਵਿਹੜੇ ਆਵੋ ਜੀ ਅਲਖ ਜਗਾਵੋ
ਵਿਹੜੇ ਤੇਰੇ ਮੈਂ ਕਿਕਣ ਆਵਾਂ
ਨੀ ਹੀਰੇ ਨਿਆਣੀਏਂ
ਘੋੜੇ ਮੇਰੇ ਨੀ ਹਿਣਕਣ ਹਾਰੇ
ਘੋੜੇ ਤੇਰੇ ਜੀ ਦਾਣਾ ਮੈਂ ਪਾਵਾਂ
ਜੀ ਭਲਿਆ ਜੀ ਜੋਗੀਆ
ਵਿਹੜੇ ਆਵੋ ਜੀ ਅਲਖ ਜਗਾਵੋ
ਵਿਹੜੇ ਤੇਰੇ ਮੈਂ ਕਿਕਣ ਆਵਾਂ
ਨੀ ਹੀਰੇ ਨਿਆਣੀਏਂ
ਕੁੱਤੇ ਤੇਰੇ ਨੀ ਭੌਂਕਣ ਹਾਰੇ।
ਕੁੱਤੇ ਤੇਰੇ ਜੀ ਚੂਰੀ ਮੈਂ ਪਾਵਾਂ
ਜੀ ਭਲਿਆ ਜੀ ਜੋਗੀਆ
ਵਿਹੜੇ ਆਵੋ ਜੀ ਅਲਖ ਜਗਾਵੋ

੭

ਉਡ ਜਾਈਂ ਵੇ ਤੋਤਿਆ

ਗਿਰਨੀ ਖਾਈਂ ਵੇ ਤੋਤਿਆ
ਲੰਬੀ ਲਾਈਂ ਵੇ ਉਡਾਰੀ
ਵੇ ਮੈਂ ਤੇਰੀ ਰਾਂਝਾ
ਤੇਰੇ ਦਿਲਦੀ ਹੀਰ
ਤੈਂ ਮੈਂ ਮਨੋ ਵੇ ਵਸਾਰੀ
ਪਹਾੜੀਂ ਨਾ ਜਾਈਏ
ਖੱਟੇ ਮਿੱਠੇ ਨਾ ਖਾਈਏ
ਦਿਹ ਨੂੰ ਰੋਗ ਨਾ ਲਾਈਏ
ਪਹਾੜਾਂ ਦੀਆਂ ਕੁੜੀਆਂ
ਹੱਥੀਂ ਲੌਂਗਾਂ ਦੀਆਂ ਪੁੜੀਆਂ
ਰਖਦੀਆਂ ਜਾਦੂੜੇ ਪਾਕੇ
ਪਹਾੜਾਂ ਦੀਆਂ ਰੰਨਾ
ਕੁਟਦੀਆਂ ਚੂਰੀ ਦਾ ਛੰਨਾ
ਰਖਦੀਆਂ ਦਿਲ ਪਰਚਾਕੇ

੮

ਮੌਤ ਮੌਤ ਨਾ ਕਰ ਵੇ ਰਾਂਝਣਾ
ਵੇਖ ਮੌਤ ਦੇ ਕਾਰੇ
ਪਹਿਲਾਂ ਮੌਤ ਨੇ ਦਿੱਲੀ ਢਾਹੀ
ਫੇਰ ਗਈ ਪਟਿਆਲੇ
ਦਿਲੀ ਆਲੇ ਦੀ ਕੰਜਰੀ ਮਰਗੀ
ਲੈ ਗੀ ਰੌਣਕਾਂ ਨਾਲੇ
ਪਟਿਆਲੇ ਆਲੇ ਦੇ ਘੋੜੇ ਮਰਗੇ
ਲਾਲ ਲਗਾਮਾਂ ਵਾਲੇ
ਲੱਡੂ ਜਲੇਬੀ ਗਲੀਏਂ ਰੁਲਦੇ
ਗੰਨੇ ਨਾ ਮਿਲਦੇ ਭਾਲੇ

ਮੋਤੀ ਚੁਗ ਲੈ ਨੀ-
ਕੂੰਜ ਪਤਲੀਏ ਨਾਰੇ

੯

ਰਾਂਝੇ ਦਾ ਕਹਿਣਾ ਮਨ ਲੈ ਹੀਰੇ
ਹਾਰ ਸ਼ਿੰਗਾਰ ਲਗਾਈਂ
ਪੁੰਨਿਆਂ ਦਾ ਚੰਦ ਆਪੇ ਚੜ੍ਹਜੂ
ਰੂਪ ਦੀ ਛਹਿਬਰ ਲਾਈਂ
ਕੁੜੀਆਂ ਨੂੰ ਸਦਕੇ ਗਿੱਧਾ ਪੁਆਈਂ
ਸੁੱਤੀਆਂ ਕਲਾਂ ਜਗਾਈਂ
ਸ਼ੌਂਕ ਨਾਲ ਨਚਕੇ ਨੀ-
ਦਿਲ ਦੀਆਂ ਖੋਹਲ ਸੁਣਾਈਂ

੧੦

ਹੀਰ ਨੇ ਸੱਦੀਆਂ ਸੱਭੇ ਸਹੇਲੀਆਂ
ਸਭ ਦੀਆਂ ਨਵੀਆਂ ਪੁਸ਼ਾਕਾਂ
ਗਹਿਣੇ ਗੱਟੇ ਸਭ ਦੇ ਸੋਂਹਦੇ
ਮੈਂ ਹੀਰ ਗੋਰੀ ਵਲ ਝਾਕਾਂ
ਕੰਨੀ ਹੀਰ ਦੇ ਸਜਣ ਕੋਕਰੂ
ਪੈਰਾਂ ਦੇ ਵਿਚ ਬਾਂਕਾਂ
ਗਿੱਧੇ ਦੀਏ ਪਰੀਏ ਨੀ-
ਤੇਰੇ ਰੂਪ ਨੇ ਪਾਈਆਂ ਧਾਕਾਂ

੧੧

ਕਾਲਿਆ ਹਰਨਾਂ ਬਾਗੀਂ ਚਰਨਾ
ਤੇਰੇ ਪੈਰੀਂ ਝਾਂਜਰਾਂ ਪਾਈਆਂ
ਸਿੰਗਾਂ ਤੇਰਿਆਂ ਤੇ ਕੀ ਕੁਝ ਲਿਖਿਆ
ਤਿੱਤਰ ਤੇ ਮੁਰਗਾਈਆਂ

ਅੱਗੇ ਤਾਂ ਟਪਦਾ ਸੀ ਨੌ ਨੌ ਕੋਠੇ
ਹੁਣ ਨੀ ਟੱਪੀਦੀਆਂ ਖਾਈਆਂ
ਖਾਈ ਟਪਦੇ ਦੇ ਕੰਡਾ ਲੱਗਿਆ
ਦਿੱਤੀਆਂ ਰਾਮ ਦੁਹਾਈਆਂ
ਮਾਸ ਮਾਸ ਤੇਰਾ ਕੁਤਿਆਂ ਨੇ ਖਾਧਾ
ਹੱਡੀਆਂ ਰੇਤ ਰੁਲਾਈਆਂ
ਹੱਡੀਆਂ ਤੇਰੀਆਂ ਦਾ ਮਹਿਲ ਚੁਣਾਇਆ
ਵਿਚ ਰਖਾਈ ਮੋਰੀ
ਤੇਰਾ ਦੁਖ ਸੁਣਕੇ—
ਹੀਰ ਹੋਗੀ ਪੋਰੀ ਪੋਰੀ

੧੨

ਆਖੇਂ ਗਲ ਤਾਂ ਹੀਰੇ ਕਹਿਕੇ ਸੁਣਾ ਦਿਆਂ ਨੀ
ਦੇਕੇ ਤੈਨੂੰ ਨਢੀਏ ਸੋਹਣੇ ਨੀ ਹਵਾਲੇ
ਇੰਦਰ ਖਾੜੇ ਦੇ ਵਿਚ ਪਰੀਆਂ ਸੱਭ ਤੋਂ ਚੰਗੀਆਂ ਨੀ
ਗਾਵਣ ਜਿਹੜੀਆਂ ਮਿੱਠੇ ਰਾਗ ਜੋ ਸੁਰਤਾਲੇ
ਮੋਹ ਲਿਆ ਮੈਨੂੰ ਪਰੀਏ ਤੇਰਿਆਂ ਨੀ ਨੈਣਾਂ ਨੇ
ਮੈਂ ਕੀ ਜਾਣਾ ਇਹਨਾਂ ਅੱਖੀਆਂ ਦੇ ਚਾਲੇ
ਜਾਲ ਫੈਲਾਇਆ ਹੀਰੇ ਤੇਰੀਆਂ ਅੱਖੀਆਂ ਨੇ
ਉਡਦੇ ਜਾਂਦੇ ਪੰਛੀ ਜਿਨ੍ਹਾਂ ਨੇ ਫਸਾਲੇ
ਤਿੰਨ ਸੌ ਸਠ ਸਹੇਲੀ ਲੈਕੇ ਤੁਰਦੀ ਨਢੀਏ ਨੀ
ਸੂਬੇਦਾਰ ਜਿਉਂ ਸੋਂਹਦੀ ਸਭਦੇ ਤੂੰ ਵਿਚਾਲੇ
ਬਲਣ ਮਸਾਲਾਂ ਵਾਂਗੂੰ ਅੱਖੀਆਂ ਹੀਰੇ ਤੇਰੀਆਂ
ਆਸ਼ਕ ਘੇਰ ਤੈਂ ਭਮੱਕੜ ਵਿਚ ਮਚਾਲੇ
ਮੁਖੜਾ ਤੇਰਾ ਹੀਰੇ ਸਹੋਣਾ ਫੁਲ ਗੁਲਾਬ ਨੀ
ਆਸ਼ਕ ਭੌਰ ਜੀਹਦੇ ਫਿਰਦੇ ਨੀ ਉਦਾਲੇ

ਸੋਹਲੀ ਤੇਰੀ ਨਢੀਏ ਵਾਂਗ ਨੀ ਕਮਾਨ ਦੇ
ਅੱਖੀਆਂ ਤੇਰੀਆਂ ਨੇ ਤੀਰ ਨਸ਼ਾਨੇ ਲਾਲੇ
ਵਿੰਨ੍ਹਿਆਂ ਕਾਲਜਾ ਨਾ ਹਿਲਿਆ ਜਾਵੇ ਰਾਂਝੇ ਤੋਂ
ਇਹ ਜਿੰਦ ਕਰਤੀ ਮੈਂ ਤਾਂ ਤੇਰੇ ਨੀ ਹਵਾਲੇ
ਚੰਗੀ ਕਰਦੀ ਹੈਂ ਤੂੰ, ਓੜ ਨਭਾਈਂ ਲੱਗੀਆਂ ਦੀ
ਡੋਬਣ ਲੱਗੀ ਹੈਂ ਕਿਉਂ ਧਾਰ ਦੇ ਵਿਚਾਲੇ

੧੩

ਹੀਰੇ ਨੀ ਬਿਨ ਸਗਨੀ ਏਂ
ਮੈਂ ਭੁਲਿਆ ਚਾਕ ਵਿਚਾਰਾ
ਦਿਹ ਜਵਾਬ ਘਰਾਂ ਨੂੰ ਚੱਲੀਏ
ਸੁੰਨਾ ਪਿਆ ਤਖਤ ਹਜ਼ਾਰਾ

੧੪

ਆਖਾਂ ਗਲ ਮੈਂ ਹੀਰੇ ਕਹਿਕੇ ਸੁਣਾ ਦਿਆਂ ਨੀ
ਤੈਨੂੰ ਆਖਾਂ ਨਢੀਏ ਬੋਲ ਨੀ ਕਰਾਰੇ ।
ਤੇਰੀ ਖਾਤਰ ਨੀ ਮੈਂ ਬੰਧਾ ਚਾਰਿਆ ਚੂਚਕ ਦਾ
ਤ੍ਹਾਨੇ ਮਿਹਣੇ ਮੈਨੂੰ ਕੁਲ ਦੁਨੀਆਂ ਨੇ ਮਾਰੇ
ਆਸ਼ਕ ਜੇਡਾ ਨਾ ਬੇਸ਼ਰਮ ਕੋਈ ਜਗਤੇ ਨੀ
ਖਾਤਰ ਸ਼ੀਰੀਂ ਦੇ ਫਰਿਹਾਦ ਦੁਖ ਸਹਾਰੇ
ਪਟ ਨੂੰ ਚੀਰਿਆ ਮਹੀਂਵਾਲ ਖਾਤਰ ਸੋਹਣੀ ਦੇ
ਝੁੱਗੀ ਪਾ ਲਈ ਜਾਕੇ ਨੈਂ ਦੇ ਕਿਨਾਰੇ
ਖਾਤਰ ਸਾਹਿਬਾਂ ਦੀ ਜੰਡ ਹੇਠ ਮਿਰਜ਼ਾ ਮਰ ਗਿਆ ਨੀ
ਆਸ਼ਕ ਉਘੇ ਹੀਰੇ ਕੁਲ ਦੁਨੀਆਂ ਵਿਚ ਸਾਰੇ
ਸੱਸੀ ਪੁੰਨੂੰ ਨੇ ਦੁਖ ਝੱਲੇ ਤੱਤੀਆਂ ਰੇਤਾਂ ਦੇ,
ਸੜ ਗਏ ਪੈਰ ਪਰ ਉਹ ਕੌਲੋਂ ਨਹੀਂ ਹਾਰੇ
ਅੱਖੀਆਂ ਲਾਕੇ ਹੀਰੇ ਹਟਣਾ ਮਿਹਣਾ ਆਸ਼ਕ ਨੂੰ
ਆਸ਼ਕ ਆਸ਼ਕ ਦੇ ਨੀ ਜਾਂਦੇ ਬਲਿਹਾਰੇ

੧੫

ਛਣਕ ਛਣਕ ਦੋ ਛੱਲੇ ਕਰਾਲੇ
ਛੱਲੇ ਭਨਾਕੇ ਵੰਗਾਂ
ਬਾਹਰ ਗਈ ਨੂੰ ਬਾਬਲ ਝਿੜਕਦਾ
ਘਰ ਆਈ ਨੂੰ ਅੰਮਾਂ
ਵਿਚ ਕਚਿਹਰੀ ਹੀਰ ਝਗੜਦੀ
ਮੁਨਸਫ ਕਰਦੇ ਗੱਲਾਂ
ਵਿਚ ਤ੍ਰਿੰਜਣਾਂ ਕੁੜੀਆਂ ਝਿੜਕਣ
ਵਿਚ ਗਲੀਆਂ ਦੇ ਰੰਨਾਂ
ਏਹਨੀ ਓਹਨੀ ਦੋਹੀਂ ਜਹਾਨੀਂ
ਮੈਂ ਤਾਂ ਖੈਰ ਰਾਂਝੇ ਦੀ ਮੰਗਾਂ
ਜੇ ਜਾਣਾਂ ਦੁਖ ਰਾਂਝੇ ਨੂੰ ਪੈਣੇ
ਮੈਂ ਨਿਜ ਨੂੰ ਸਿਆਲੀਂ ਜੰਮਾਂ

੧੬

ਅਜ ਹੋਗੀ ਹੀਰ ਪਰਾਈ
ਕੁੜੀਆਂ ਨੂੰ ਲੈਜੋ ਮੋੜਕੇ

੧੭

ਰਾਂਝਾ ਮੱਝਾਂ ਦੇ ਸਿੰਗਾਂ ਨੂੰ ਫੜ ਰੋਵੇ
ਖੇੜੇ ਲੈਗੇ ਹੀਰ ਚੁਕਕੇ

੧੮

ਹੀਰੇ ਨੀ ਲਿਸ਼ਕੇ ਬਿਜਲੀ ਚਮਕਣ ਤਾਰੇ
ਨਾਗੀਂ ਡੰਗ ਸੰਵਾਰੇ ਨੀ
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ

ਹੀਰੇ ਨੀ ਖਾਰਿਆਂ ਖੂਹਾਂ ਦੇ ਪਾਣੀ ਮਿੱਠੇ ਨਾ ਹੁੰਦੇ
ਭਾਵੇਂ ਲਖ ਮਣਾ ਗੁੜ ਪਾਈਏ ਨੀ
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ
ਹੀਰੇ ਨੀ ਨਾਗਾਂ ਦੇ ਪੁਤ ਮਿਤ ਨਾ ਬਣਦੇ
ਭਾਵੇਂ ਲਖ ਮਣਾ ਦੁਧ ਪਿਆਈਏ ਨੀ
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ
ਹੀਰੇ ਨੀ ਬਾਰਾਂ ਬਰਸ ਤੇਰੀਆਂ ਮੱਝੀਆਂ ਨੀ ਚਾਰੀਆਂ
ਅਜੇ ਵੀ ਲਾਵੇਂ ਲਾਰੇ ਨੀ
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰ ਨੀ
ਹੀਰੇ ਨੀ ਆਹਲੈ ਅਪਣੀਆਂ ਮੱਝੀਆਂ ਨੀ ਫੜਲੈ
ਕੀਲੇ ਪਏ ਧਲਿਆਰੇ ਨੀ
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ
ਹੀਰੇ ਨੀ ਪਹਿਨ ਓਹੜਕੇ ਚੜ੍ਹਗੀ ਖਾਰੇ
ਤੈਨੂੰ ਸਬਰ ਫੱਕਰ ਦਾ ਮਾਰੇ ਨੀ
ਲਾਡਲੀਏ ਅਲਬੇਲੀਏ ਹੀਰੇ
ਤੈਂ ਪੰਛੀ ਰੱਖੇ ਕੰਵਾਰੇ ਨੀ

੧੯

ਬੀਨ ਬਜਾਈ ਰਾਂਝੇ ਚਾਕ
ਲੱਗੀ ਮਨ ਮੇਰੇ
ਤਖਤ ਹਜ਼ਾਰੇ ਦਿਆ ਮਾਲਕਾ
ਕਿਥੇ ਲਾਏ ਨੀ ਡੇਰੇ

ਕਿਨ ਵੇ ਬਣਾਇਆ ਲਾੜਾ ਜੰਜਾਂ ਦਾ
ਕਿਨ ਬੱਧੇ ਸਿਹਰੇ
ਮਾਂ ਬਣਾਇਆ ਲਾੜਾ ਜੰਜਾਂ ਦਾ
ਭੈਣ ਬੱਧੇ ਸਿਹਰੇ
ਕਢ ਖਾਂ ਪਾਂਧਿਆ ਪੱਤਰੀ
ਲਿੱਖੀਂ ਲੇਖ ਮੇਰੇ
ਲਿਖਣ ਵਾਲਾ ਲਿਖ ਗਿਆ
ਵਸ ਨਹੀਂ ਮੇਰੇ
ਆਖਿਓ ਰਾਂਝੇ ਚਾਕ ਨੂੰ
ਮੱਝੀਆਂ ਛੇੜੇ
ਮੱਝੀਆਂ ਛੇੜਦਾ ਰਹਿ ਗਿਆ
ਹੀਰ ਲੈ ਗਏ ਖੇੜੇ

੨੦

ਸਾਂਵਲਿਆ ਤੇ ਸੌਂਲਿਆ ਵੇ ਮੁੰਡਿਆ
ਤੂੰ ਮੇਰਾ ਵੇ ਮੈਂ ਤੇਰੀ
ਤੂੰ ਮੇਰਾ ਤੇ ਮੈਂ ਤੇਰੀ ਚੀਰੇ ਵਾਲਿਆ
ਪਾ ਰਾਂਝਣ ਵਾਲੀ ਫੇਰੀ
ਪਾ ਜੋਗੀ ਵਾਲੀ ਫੇਰੀ ਚੀਰੇ ਵਾਲਿਆ
ਚਲੋ ਸਹੀਓ ਰਲ ਵੇਖਣ ਚੱਲੀਏ
ਰਾਂਝੇ ਬਾਗ ਲਵਾਇਆ
ਖਟੜੇ ਲਗੜੇ ਤੇ ਮਿਠੜੇ ਵੀ ਲਗੜੇ
ਨਿਬੂੰਆਂ ਦਾ ਰੂਪ ਸਵਾਇਆ
ਚਲੋ ਸਹੀਓ ਰਲ ਵੇਖਣ ਚੱਲੀਏ
ਰਾਂਝਣ ਵਾਲਾ ਚੁਬਾਰਾ
ਹੀਰ ਨਿਮਾਣੀ ਜੋ ਇੱਟਾਂ ਢੋਵੇ

ਰਾਂਝਣ ਢੋਂਦਾ ਗਾਰਾ
ਚਲੋ ਸਹੀਓ ਰਲ ਵੇਖਣ ਚਲੀਏ
ਰਾਂਝਣ ਭੇਸ ਵਟਾਇਆ
ਕੰਨ ਪੜਵਾਕੇ ਮੁੰਦਰਾਂ ਪਾਈਆਂ
ਮੱਥੇ ਤਿਲਕ ਲਗਾਇਆ
ਹੀਰ ਦੀ ਖਾਤਰ ਮੰਗਣ ਚੜ੍ਹਿਆ
ਘਰ ਘਰ ਅਲਖ ਜਗਾਇਆ

੨੧

ਡੰਗੀ ਹੋਈ ਇਸ਼ਕੇ ਦੀ
ਹੀਰ ਸਪ ਦਾ ਬਹਾਨਾ ਕੀਤਾ

੨੨

ਉਰਲੇ ਤਾਂ ਵਿਹੜੇ ਜੋਗੀ ਆ ਬੜਿਆ
ਓਥੇ ਕੁੜੀਆਂ ਦਾ ਤ੍ਰਿੰਜਣ ਗੂੰਜਦਾ ਸੀ
ਉੱਠੀਂ ਉੱਠੀਂ ਭਾਬੋ ਜੋਗੀ ਖੈਰ ਪਾਵੇ
ਜੋਗੀ ਖੜਿਆਂ ਨੂੰ ਰੈਣ ਬਤੀਤ ਗਈ
ਆਪ ਚੌਲ ਖਾਵੇਂ ਸਾਨੂੰ ਚੀਨਾ ਪਾਵੇਂ
ਸਾਡੀ ਡਾਹਡੇ ਅੱਗੇ ਫਰਿਆਦ ਹੋਵੇ
ਚੀਨਾ ਡੁਲ੍ਹ ਗਿਆ ਤੂੰਬੀ ਫੁਟ ਗਈ
ਸਾਨੂੰ ਚੁਗਦਿਆਂ ਨੂੰ ਰੈਣ ਵਿਹਾ ਗਈ
ਤੈਨੂੰ ਕੀ ਹੋਇਆ ਭਾਬੋ ਕੀ ਹੋਇਆ
ਤੇਰਾ ਰੰਗ ਅਸਮਾਨੀ ਜਰਦ ਹੋਇਆ
ਮੇਰੇ ਨਾਗ ਲੜਿਆ ਨੀ ਨਣਦੇ ਨਾਗ ਲੜਿਆ
ਡੰਗ ਮਾਰ ਬਾਗੀਂ ਜਾ ਨੀ ਬੜਿਆ
ਚਲ ਚਲ ਨੀ ਭਾਬੋ ਉਸ ਜੋਗੀ ਕੋਲੇ
ਟਾਹਣੀ ਉਸ ਜੋਗੀ ਕੋਲੋਂ ਕਰਵਾ ਲਈਏ ਨੀ।

ਉੱਠੀਂ ਉੱਠੀਂ ਜੋਗੀ ਕੁੰਡਾ ਖੋਹਲ ਸਾਨੂੰ
ਸਾਨੂੰ ਖੜਿਆਂ ਨੂੰ ਰੈਣ ਵਿਹਾਰ ਗਈ
ਸਾਡਾ ਹਾਰ ਟੁਟਿਆ ਜੀ ਸੁੱਚੇ ਮੋਤੀਆਂ ਦਾ
ਸਾਨੂੰ ਚੁਗਦਿਆਂ ਨੂੰ ਰੈਣ ਵਿਹਾਰ ਗਈ

੨੩

ਅੰਬਾਂ ਤੇ ਤੂਤੀਂ ਠੰਡੀ ਛਾਂ
ਕੋਈ ਪ੍ਰਦੇਸੀ ਜੋਗੀ ਆਣ ਲੱਥੇ
ਚਲ ਨਣਦੇ ਪਾਣੀ ਨੂੰ ਚੱਲੀਏ
ਪਾਣੀ ਦੇ ਪਜ ਜੋਗੀ ਦੇਖੀਏ ਨੀ
ਕਿੱਥੇ ਰੱਖਾਂ ਨਣਦੇ ਡੋਲ ਨੀ
ਕਿੱਥੇ ਤਾਂ ਖੜ੍ਹਕੇ ਜੋਗੀ ਦੇਖੀਏ ਨੀ
ਨੀਵੇਂ ਤਾਂ ਧਰਦੇ ਭਾਬੋ ਡੋਲ ਨੀ
ਉੱਚੇ ਤਾਂ ਖੜਕੇ ਜੋਗੀ ਦੇਖੀਏ ਨੀ
ਇਸ ਜੋਗੀ ਦੇ ਲੰਬੇ ਲੰਬੇ ਕੇਸ ਮੀ
ਦਹੀਓਂ ਕਟੋਰੇ ਜੋਗੀ ਨਹਾਂਵਦਾ ਸੀ
ਇਸ ਜੋਗੀ ਦੇ ਚਿੱਟੇ ਚਿੱਟੇ ਦੰਦ ਨੀ
ਦਾਤਣ ਤੇ ਕੁਰਲੀ ਜੋਗੀ ਕਰ ਰਿਹਾ ਸੀ
ਇਸ ਜੋਗੀ ਦੇ ਸੋਹਣੇ ਸੋਹਣੇ ਨੈਣ ਨੀ
ਸੁਰਮਾਂ ਸਲਾਈ ਜੋਗੀ ਪਾਂਵਦਾ ਸੀ
ਇਸ ਜੋਗੀ ਦੇ ਸੋਹਣੇ ਸੋਹਣੇ ਪੈਰ ਨੀ
ਬੂਟ ਜਰਾਬਾਂ ਜੋਗੀ ਪਾਂਵਦਾ ਸੀ
ਚਲ ਨੀ ਭਾਬੋ ਘਰ ਨੂੰ ਚੱਲੀਏ
ਸੱਸ ਉਡੀਕੇ ਨੂੰਹੇ ਆ ਘਰੇ
ਸੱਸਾਂ ਨੂੰ ਨੂੰਹਾ ਨਣਦੇ ਹੋਰ ਹੋਰ ਨੀ
ਮੈਂ ਮਨ ਰੱਖਾਂ ਵਲ ਜੋਗੀ ਦੇ ਨੀ

ਸਹੁਰਾ ਉਡੀਕੇ ਨੂੰਹੇ ਆ ਘਰੇ
ਸਹੁਰੇ ਨੂੰ ਨੂੰਹਾਂ ਨਣਦੇ ਹੋਰ ਹੋਰ ਨੀ
ਮੈਂ ਮਨ ਰੱਖਾਂ ਵਲ ਜੋਗੀ ਦੇ ਨੀ
ਚਲ ਵੇ ਜੋਗੀ ਕਿਸੇ ਦੇਸ
ਕੂੰਡੀ ਸੋਟਾ ਤੇਰਾ ਮੈਂ ਚੁੱਕਾਂ ਵੇ
ਮਰਵੇ ਜੋਗੀ ਕਿਸੇ ਦੇਸ ਵੇ
ਤੈਂ ਮੇਰੀ ਚੰਚਲ ਭਾਬੋ ਮੋਹ ਲਈ ਵੇ
ਮਰਨ ਨੀ ਨਣਦੇ ਤੇਰੇ ਵੀਰ
ਇਹ ਪ੍ਰਦੇਸੀ ਜੋਗੀ ਕਿਉਂ ਮਰੇ

# ਸੱਸੀ-ਪੁੰਨੂੰ

੧

ਮੁੰਡਿਆ ਬਲੋਚਾਂ ਦਿਆ
ਤੇਰੇ ਢੋਲੇ ਰੜਕਦੇ ਦਿਲ ਤੇ

੨

ਪ੍ਰਦੇਸਾਂ ਵਿੱਚ ਲਾਏ ਡੇਰੇ
ਸਿਖਕੇ ਨਿਹੁੰ ਦੀ ਰੀਤ
ਤੂੰ ਕਹਿੜਾ ਚੰਦ ਮੁੰਡਿਆ
ਮਨ ਮਿਲ ਗਏ ਦੀ ਪ੍ਰੀਤ

੩

ਲਠ ਚਰਖੇ ਦੀ ਹਿਲਦੀ ਜੁਲਦੀ
ਮਾਲ੍ਹਾਂ ਬਾਹਲੀਆਂ ਖਾਵੇ
ਸਭਨਾਂ ਸਈਆਂ ਨੇ ਭਰ ਲਏ ਛਿੱਕੂ

ਮੈਥੋਂ ਤਕਿਆ ਨਾ ਜਾਵੇ
ਚਰਖਾ ਕਿਵੇਂ ਕੱਤਾਂ
ਮੇਰਾ ਮਨ ਪੁੰਨੂੰ ਵੱਲ ਧਾਵੇ

੪

ਉੱਚੀਆਂ ਲੰਬੀਆਂ ਟਾਹਲੀਆਂ
ਵਿਚ ਗੁਜਰੀ ਦੀ ਪੀਂਘ
ਪੀਂਘ ਝੂੰਟੇਂਦੇ ਦੋ ਜਣੇ
ਆਸ਼ਕ ਤੇ ਮਾਸ਼ੂਕ
ਪੀਂਘ ਝੂੰਟੇਂਦੇ ਢਹਿ ਪਏ
ਹੋ ਗਏ ਚਕਨਾ ਚੂਰ
ਸੱਸੀ ਤੇ ਪੁੰਨੂੰ ਰਲ ਸੁੱਤੇ
ਮੁਖ ਤੇ ਪਾਕੇ ਰੁਮਾਲ
ਜੇ ਮੈਂ ਹੁੰਦੀ ਜਾਗਦੀ
ਜਾਂਦੇ ਨੂੰ ਲੈਂਦੀ ਮੋੜ
ਮਗਰੇ ਸੱਸੀ ਤੁਰ ਪਈ
ਮੈਂ ਭੀ ਚਲਸਾਂ ਤੋੜ

੫

ਆਪਣੇ ਕੋਠੇ ਮੈਂ ਖੜੀ
ਪੁੰਨੂੰ ਖੜਾ ਮਸੀਤ ਵੇ
ਭਰ ਭਰ ਅੱਖੀਆਂ ਡੁੱਲਦੀ
ਨੈਣੀਂ ਲੱਗੀ ਪ੍ਰੀਤ ਵੇ
ਹੈ ਵੇ ਪੁੰਨੂੰ ਜ਼ਾਲਮਾ
ਹੈ ਵੇ ਦਿਲਾਂ ਦਿਆ ਮਹਿਰਮਾਂ

ਸੁੱਤੀ ਨੂੰ ਛੱਡਕੇ ਨਾ ਜਾਂਈਂ ਵੇ

ਉਠ ਨੀ ਮਾਏ ਸੁੱਤੀਏ

ਚੁਲ੍ਹੇ ਅਗ ਨੀ ਪਾ
ਜਾਂਦੇ ਪੁੰਨੂੰ ਨੂੰ ਘੇਰਕੇ
ਕੋਈ ਭੋਜਨ ਦਈਂ ਛਕਾ

ਉਠ ਨੀ ਭਾਬੋ ਸੁੱਤੀਏ
ਦੁਧ ਮਧਾਨੀ ਪਾ

ਜਾਂਦੇ ਪੁੰਨੂੰ ਨੂੰ ਘੇਰ ਕੇ
ਮੱਖਣ ਦਈਂ ਛਕਾ

ਉਠ ਵੇ ਵੀਰਾ ਸੁੱਤਿਆ
ਕੋਈ ਪੱਕਾ ਮਹਿਲ ਚੁਣਾ

ਵਿਚ ਵਿਚ ਰਖ ਦੇ ਮੋਰੀਆਂ
ਦੇਖਾਂ ਪੁੰਨੂੰ ਦਾ ਰਾਹ

ਬਾਰਾਂ ਪਿੰਡਾਂ ਦੇ ਚੌਧਰੀ
ਕੋਠੇ ਲਈ ਚੜ੍ਹਾ

ਚੰਗੇ ਜਿਹੇ ਨੂੰ ਦੇਖਕੇ
ਤੈਨੂੰ ਦੇਵਾਂ ਵਿਆਹ

ਬਾਰਾਂ ਪਿੰਡਾਂ ਦੇ ਚੌਧਰੀ
ਕੋਠੇ ਲਈਂ ਚੜ੍ਹਾ

ਚੰਗੇ ਜਿਹੇ ਨੂੰ ਦੇਖਕੇ
ਮੈਥੋਂ ਛੋਟੀ ਨੂੰ ਲਈਂ ਵਿਆਹ

ਹਾਏ ਵੇ ਪੁੰਨੂੰ ਜ਼ਾਲਮਾ
ਸੁੱਤੀ ਨੂੰ ਛੋਡ ਕੇ ਨਾ ਜਾਈਂ ਵੇ

੬

ਲਾਦੀ ਲਦ ਗਏ
ਕੀਲੇ ਪਟ ਗਏ
ਭਾਵੇਂ ਮਾਏਂ ਸੁਣੇ
ਭਾਵੇਂ ਪਿਓ ਸੁਣੇ
ਮੈਂ ਤਾਂ ਉਠ ਜਾਣੈ
ਨਾਲ ਲਾਦੀਆਂ ਦੇ

ਅੰਦਰ ਬੜਜਾ ਧੀਏ
ਗੱਲਾਂ ਕਰਲੈ ਧੀਏ
ਅਸੀਂ ਪੱਟ ਦਿੱਤੇ
ਇਨ੍ਹਾਂ ਲਾਦੀਆਂ ਨੇ
ਬੇਲਾ ਢੂੰਡ ਫਿਰੀ
ਅੱਖਾਂ ਲਾਲ ਹੋਈਆਂ
ਪੰਘੂੜਾ ਭੰਨ ਸੁਟਿਆ
ਲਾਲ ਬਾਰੀਆਂ ਦਾ

੭

ਮਰਨ ਕਲਾਲ ਜਗ ਹੋਵਣ ਥੁੜੇ
ਮੇਰਾ ਪੁੰਨੂੰ ਸ਼ਰਾਬੀ ਕੀਤਾ
ਸ਼ਹਿਰ ਭੰਬੋਰ ਦੀਆਂ ਭੀੜੀਆਂ ਗਲੀਆਂ
ਪੁੰਨੂੰ ਲੰਘ ਗਿਆ ਚੁਪ ਕੀਤਾ
ਇਕ ਅਫਸੋਸ ਰਹਿ ਗਿਆ ਦਿਲ ਮੇਰੇ
ਹੱਥੀਂ ਯਾਰ ਵਿਦਾ ਨਾ ਕੀਤਾ

੮

ਸੱਸੀ ਤੇਰੇ ਬਾਗ ਵਿਚ ਉਤਰੇ ਲੁਟੇਰੇ
ਬਲੋਚਾ ਜ਼ਾਲਮਾ ਸੁਣ ਵੈਣ ਮੇਰੇ

ਤੱਤੀ ਸੀ ਰੇਤ ਸੜ ਗਏ ਪੈਰ ਮੇਰੇ
ਕਿਧਰ ਗਏ ਕੌਲ ਇਕਰਾਰ ਤੇਰੇ

ਬਲੋਚਾ ਜ਼ਾਲਮਾ ਸੁਣ ਵੈਣ ਮੇਰੇ
ਕਚਾਵਾ ਯਾਰ ਦਾ ਦੋ ਨੈਣ ਮੇਰੇ

ਬਲੋਚਾ ਜ਼ਾਲਮਾ ਸਮਝ ਨਜ਼ਰ ਨੂੰ
ਕਿ ਨਜ਼ਰਾਂ ਤੇਰੀਆਂ ਪਾੜਨ ਪੱਥਰ ਨੂੰ

ਸੱਸੀ ਤੇਰੇ ਬਾਗ ਵਿਚ ਮਿਰਚਾਂ ਦਾ ਬੂਟਾ
ਨੀ ਉਹ ਲੱਗਾ ਜਾਂਦੜਾ ਕੌਲਾਂ ਦਾ ਝੂਠਾ

ਸੱਸੀ ਤੇਰੇ ਬਾਗ ਵਿਚ ਘੁਗੀਆਂ ਦਾ ਜੋੜਾ
ਕਿ ਚੰਦਰੀ ਨੀਂਦ ਨੇ ਪਾਇਆ ਵਿਛੋੜਾ

ਸੱਸੀ ਤੇਰੇ ਬਾਗ ਵਿਚ ਉਤਰੇ ਬਪਾਰੀ
ਆਪੇ ਤੁਰ ਜਾਣਗੇ ਕਰਕੇ ਤਿਆਰੀ

ਬਲੋਚਾ ਜ਼ਾਲਮਾ ਨਾ ਮਾਰ ਤਾਹਨੇ
ਰਬ ਦੇ ਵਾਸਤੇ ਮਿਲਜਾਂ ਮਦਾਨੇ

ਬਲੋਚਾ ਜ਼ਾਲਮਾ ਨਾ ਮਾਰ ਸੀਟੀ
ਅੱਲਾ ਦੇ ਵਾਸਤੇ ਮਿਲ ਜਾ ਮਸੀਤੀਂ

੯

ਦਿਨ ਚੜ੍ਹਿਆ ਤੇ ਪੈ ਗਈ ਜੁਦਾਈ ਵੇ

ਨਹੀਂ ਕੋਈ ਗਲ ਪੁਛ ਲਈ
ਸੱਸੀ ਚੋਰੀ ਚੋਰੀ ਪ੍ਰੀਤ ਲਗਾਈ ਵੇ

ਰਾਤ ਅੰਧੇਰੀ ਵੇਲੇ ਕੁਵੇਲੇ
ਮਾਏ ਨੀ ਢੂੰਡਾਂ ਜੰਗਲ ਬੇਲੇ
ਦਿਸਦਾ ਨਹੀਂ ਮੇਰਾ ਮਾਹੀ ਵੇ

ਚੜ੍ਹ ਕੋਠੇ ਤੇ ਮਾਰੀ ਝਾਤੀ
ਦਿਸਦੀ ਨਹੀਂ ਮੇਰੇ ਪੁੰਨੂੰ ਦੀ ਡਾਚੀ
ਨਾ ਦਿਸੇ ਸੋਹਣਾ ਮਾਹੀ ਵੇ

ਦਿਨ ਚੜ੍ਹਿਆ ਤੇ ਪੈ ਗਈ ਜੁਦਾਈ ਵੇ
ਨਹੀਂ ਕੋਈ ਗਲ ਪੁਛ ਲਈ
ਸੱਸੀ ਚੋਰੀ ਚੋਰੀ ਪ੍ਰੀਤ ਲਗਾਈ ਵੇ

੧੦

ਤੇਰਾ ਲੁਟਿਆ ਸ਼ਹਿਰ ਭੰਬੋਰ
ਸੱਸੀਏ ਬੇ–ਖਬਰੇ

ਬੇ-ਖਬਰੀ ਵਿਚ ਪ੍ਰੀਤ ਲਗਾਈ
ਹੋਸ਼ ਆਈ ਤੇ ਵਿਛੜਿਆ ਮਾਹੀ
ਕੌਣ ਲਿਆਵੇ ਉਹਨੂੰ ਮੋੜ
ਸੱਸੀਏ ਬੇ-ਖਬਰੇ

ਤੇਰਾ ਲੁਟਿਆ ਸ਼ਹਿਰ ਭੰਬੋਰ
ਨਾਂ ਉਹਦੇ ਪੈਰ ਦੀ ਜੁੱਤੀ
ਪਲ ਦੀ ਪਲ ਮੈਂ ਐਵੇਂ ਸੁੱਤੀ
ਸੁਰਤ ਆਈ ਗਿਆ ਛੋੜ

ਸੱਸੀਏ ਬੇ–ਖਬਰੇ
ਤੇਰਾ ਲੁਟਿਆ ਸ਼ਹਿਰ ਭੰਬੋਰ

ਬੇ-ਸਮਝੀ ਵਿਚ ਉਮਰ ਗੁਜ਼ਾਰੀ
ਮਾਹੀ ਨਾ ਮਿਲਿਆ ਜਾਂਦੀ ਵਾਰੀ
ਲੈ ਗਏ ਹੋਰ ਵਿਛੋੜ
ਸੱਸੀਏ ਬੇ-ਖਬਰੇ
ਤੇਰਾ ਲੁਟਿਆ ਸ਼ਹਿਰ ਭੰਬੋਰ

ਮੈਂ ਮਾਹੀ ਦੇ ਮਗਰੇ ਜਾਸਾਂ
ਉਸਦੇ ਪਿੱਛੇ ਜਾਨ ਗਵਾਸਾਂ
ਪੈ ਜਾਸਾਂ ਵਿਚ ਗੋਰ
ਸੱਸੀਏ ਬੇ-ਖਬਰੇ
ਤੇਰਾ ਲੁਟਿਆ ਸ਼ਹਿਰ ਭੰਬੋਰ

ਬੇ-ਖਬਰੀ ਵਿਚ ਪ੍ਰੀਤ ਲਗਾਕੇ
ਬੈਠੀ ਆਪਣਾ ਆਪ ਭੁਲਾਕੇ
ਹੁਣ ਕਿਊਂ ਪਾਵੇਂ ਸ਼ੋਰ
ਸੱਸੀਏ ਬੇ-ਖਬਰੇ
ਤੇਰਾ ਲੁਟਿਆ ਸ਼ਹਿਰ ਭੰਬੋਰ

੧੧

ਵੇ ਤੂੰ ਮਰ ਜਾਏਂ ਊਠਾ ਅੜਿਆ
ਵੇ ਤੂੰ ਯਾਰ ਮੇਰਾ ਚੁਕ ਖੜਿਆ
ਬੇ-ਦਰਦਾਂ ਨੂੰ ਤਰਸ ਨਾ ਆਇਆ
ਪੁੰਨੂੰ ਵਸ ਬਲੋਚਾਂ ਪਾਇਆ
ਤੇ ਨਾਲ ਰੱਸੀ ਦੇ ਕੜਿਆ

ਇਸ਼ਕ ਨਾ ਚਲਣ ਦਏ ਚਲਾਕ।
ਏਸ ਫਸਾਇਆ ਨੂਰੀ ਖਾਕੀ
ਵਿਚ ਜੋ ਇਸਦੇ ਵੜਿਆ

੧੨

ਪੁੰਨੂੰ ਵਰਗੇ ਬਲੋਚ ਬਥੇਰੇ
ਨਾ ਰੋ ਧੀਏ ਸੱਸੀਏ

੧੩

ਮੈਂ ਵਟ ਲਿਆਵਾਂ ਪੂਣੀਆਂ
ਧੀਏ ਚਰਖੇ ਨੂੰ ਚਿਤ ਲਾ
ਜਾਂਦੇ ਪੁੰਨੂੰ ਨੂੰ ਜਾਣਦੇ
ਧੀਏ ਕੌਲੇ ਦੀ ਗਈ ਨੀ ਬਲਾ

ਅੱਗ ਲਾਵਾਂ ਤੇਰੀਆਂ ਪੂਣੀਆਂ
ਚਰਖੇ ਨੂੰ ਨਦੀ ਨੀ ਹੜ੍ਹਾ
ਜਾਨ ਤਾਂ ਮੇਰੀ ਲੈ ਗਿਆ
ਨੀ ਚੀਰੇ ਦੇ ਲੜ ਲਾ
ਜਾਂਦੇ ਪੁੰਨੂੰ ਨੂੰ ਮੋੜ ਲੈ

ਸੂਟ ਸਮਾਵਾਂ ਰੇਸ਼ਮੀ
ਚੁੰਨੀਆਂ ਦੇਵਾਂ ਨੀ ਰੰਗਾ
ਜਾਂਦੇ ਪੁੰਨੂੰ ਨੂੰ ਜਾਣਦੇ
ਕੌਲੇ ਦੀ ਗਈ ਨੀ ਬਲਾ

ਅੱਗ ਲਾਵਾਂ ਤੇਰੇ ਸੂਟ ਨੂੰ
ਚੁੰਨੀਆਂ ਦੇਵਾਂ ਨੀ ਮਚਾ
ਜਾਨ ਤਾਂ ਮੇਰੀ ਲੈ ਗਿਆਂ

ਚੀਰੇ ਦੇ ਲੜ ਲਾ
ਨੀ ਜਾਂਦੇ ਪੁੰਨੂੰ ਨੂੰ ਮੋੜ ਲੈ

ਬੂਰੀ ਜਹੀ ਮਝ ਲੈ ਦਿਆਂ
ਧੀਏ ਮੱਖਣਾਂ ਨਾਲ ਟੁਕ ਖਾ
ਜਾਂਦੇ ਪੁੰਨੂੰ ਨੂੰ ਜਾਣਦੇ
ਕੌਲੇ ਦੀ ਗਈ ਨੀ ਬਲਾ

ਅੱਗ ਲਾਵਾਂ ਤੇਰੀ ਮਖਣੀ
ਬੂਰੀ ਨੂੰ ਬਗ ਨੀ ਰਲਾ
ਜਾਨ ਤਾਂ ਮੇਰੀ ਲੈ ਗਿਆ
ਚੀਰੇ ਦੇ ਲੜ ਲਾ
ਨੀ ਜਾਂਦੇ ਪੁੰਨੂੰ ਨੂੰ ਰੋਕਲੈ

੧੪

ਸੱਸੀ ਨੂੰ ਮਾਂ ਮੱਤੀਂ ਦੇਂਦੀ
ਧੀਏ ਛੱਡ ਬਲੋਚ ਦੀ ਯਾਰੀ
ਅਗਲੀ ਰਾਤ ਮੁਕਾਮ ਜਿਨ੍ਹਾਂ ਦਾ
ਪਿਛਲੀ ਰਾਤ ਤਯਾਰੀ
ਚੜ੍ਹ ਵੇਖੇਂ ਕੋਹਤੂਰ ਤੇ ਸੱਸੀਏ
ਪੁੰਨੂੰ ਜਾਂਦਾ ਏ ਉਠ ਕਤਾਰੀ
ਰੁਲ ਮਰਸੇਂ ਵਿਚ ਥਲਾਂ ਦੇ ਸੱਸੀਏ
ਤੇ ਰੋਸੇਂ ਉਮਰਾ ਸਾਰੀ

੧੫

ਥਲ ਵੀ ਤੱਤਾ ਮੈਂ ਵੀ ਤੱਤੀ
ਤੱਤੇ ਨੈਣਾਂ ਦੇ ਡੋਲੇ

ਰਬਾ ਕਰਾਂ ਦਸ ਤਾਂ ਸਹੀ
ਕਦੋਂ ਹੋਣਗੇ ਪੁੰਨੂੰ ਨਾਲ ਮੇਲੇ

੧੬

ਮੈਂ ਪੁੰਨੂੰ ਦੀ ਪੁੰਨੂੰ ਮੇਰਾ
ਸਾਡਾ ਪਿਆ ਵਿਛੋੜਾ ਭਾਰਾ
ਦਸ ਵੇ ਰੱਬਾ ਕਿਥੇ ਗਿਆ
ਮੇਰੇ ਨੈਣਾਂ ਦਾ ਵਣਜਾਰਾ

੧੭

ਦਸ ਵੇ ਥਲਾ ਕਿਤੇ ਦੇਖੀ ਹੋਵੇ
ਮੇਰੇ ਪੁੰਨੂੰ ਦੀ ਡਾਚੀ ਕਾਲੀ
ਜਿਥੇ ਮੇਰਾ ਪੁੰਨੂੰ ਮਿਲੇ
ਉਹ ਧਰਤ ਨਸੀਬਾਂ ਵਾਲੀ

## ਮਿਰਜ਼ਾ ਸਾਹਿਬਾਂ

੧

ਹੁਜਰੇ ਸ਼ਾਹ ਹਕੀਮ ਦੇ
ਇਕ ਜੱਟੀ ਅਰਜ਼ ਕਰੇ
ਮੈਂ ਬਕਰਾ ਦੇਨੀਆਂ ਪੀਰ ਦਾ
ਮੇਰਾ ਸਿਰ ਦਾ ਕੰਤ ਮਰੇ
ਪੰਜ ਸਤ ਮਰਨ ਗਵਾਂਢਣਾਂ
ਰਹਿੰਦੀਆਂ ਨੂੰ ਤਾਪ ਚੜ੍ਹੇ
ਹੱਟੀ ਢਹੇ ਕਰਾੜ ਦੀ
ਜਿੱਥੇ ਦੀਵਾ ਨਿਤ ਬਲੇ
ਕੁੱਤੀ ਮਰੇ ਫ਼ਕੀਰ ਦੀ
ਜਿਹੜੀ ਚਊਂ ਚਊਂ ਨਿਤ ਕਰੇ

ਗਲੀਆਂ ਹੋਵਣ ਸੁੰਨੀਆਂ
ਵਿਚ ਮਿਰਜ਼ਾ ਯਾਰ ਫਿਰੇ

੨

ਦਖਣ ਦੇ ਵਲੋਂ ਚੜੀਆਂ ਨੇ ਨ੍ਹੇਰੀਆਂ
ਉਡਦੇ ਨੇ ਗਰਦ ਗਵਾਰ
ਬੁਲਬੁਲਾਂ ਵਰਗੀਆਂ ਘੋੜੀਆਂ
ਉੱਤੇ ਵੀਰਾਂ ਜਹੇ ਅਸਵਾਰ
ਹੱਥੀਂ ਤੇਗਾਂ ਨੰਗੀਆਂ
ਕਰਦੇ ਮਾਰੋ ਮਾਰ
ਵੇ ਤੂੰ ਹੇਠਾਂ ਜੰਡ ਦੇ ਸੌਂ ਗਿਐਂ
ਜੱਟਾ ਕਰਕੇ ਆਗਿਆ ਵਾਰ
ਤੈਨੂੰ ਭਜੇ ਨੂੰ ਜਾਣ ਨਾ ਦੇਣਗੇ
ਜੱਟਾ ਜਾਨੋ ਦੇਣਗੇ ਮਾਰ

੩

ਭੱਤੇ ਚੋਂ ਕਢਲਿਆ ਜਟ ਨੇ ਟੋਲ ਕੇ
ਰੰਗ ਦਾ ਸੁਨਿਹਰੀ ਤੀਰ
ਮਾਰਿਆ ਜਟ ਨੇ ਮੁੱਛਾਂ ਕੋਲੋਂ ਵਟਕੇ
ਉਡ ਗਿਆ ਵਾਂਗ ਭੰਬੀਰ
ਪੰਜ ਸਤ ਲਾਹ ਲਏ ਘੋੜੀਓਂ
ਨੌਵਾਂ ਲਾਹਿਆ ਸਾਹਿਬਾਂ ਦਾ ਵੀਰ
ਸਾਹਿਬਾਂ ਡਿਗਦੇ ਭਰਾਵਾਂ ਨੂੰ ਦੇਖਕੇ

ਖੂਨੀਆ
ਹੋਰ ਨਾ ਚਲਾਈਂ ਐਸਾ ਤੀਰ
ਅਸੀਂ ਇਕ ਵਿਡ ਲੱਤਾਂ ਦੇ ਲਈਆਂ
ਇੱਕੋ ਮਾਂ ਦਾ ਚੁੰਘਿਆ ਸੀਰ

੪

ਵਿੰਗ ਤੜਿੰਗੀਏ ਟਾਹਲੀਏ
ਤੇਰੇ ਹੇਠ ਮਿਰਜ਼ੇ ਦੀ ਡੋਰ
ਜਿੱਥੇ ਮਿਰਜ਼ਾ ਵਢਿਆ
ਓਥੇ ਰੋਣ ਤਿੱਤਰ ਤੇ ਮੋਰ
ਮਹਿਲਾਂ 'ਚ ਰੋਂਦੀਆਂ ਰਾਣੀਆਂ
ਕਬਰਾਂ 'ਚ ਰੋਂਦੇ ਚੋਰ

੫

ਦਾਨਾ ਬਾਦ ਸੀ ਪਿੰਡ ਦੋਸਤੋ
ਵਿਚ ਬਾਰ ਦਾ ਭਾਰਾ
ਮੁਸਲਮਾਨ ਸੀ ਕੌਮ ਓਸਦੀ
ਚੰਗਾ ਕਰੇ ਗੁਜ਼ਾਰਾ
ਪੰਜ ਪੁੱਤਰ ਸੋਹੇ ਬਿੰਝਲ ਦੇ
ਓਹਦਾ ਭਾਗ ਨਿਆਰਾ
ਮਾਂ ਮਿਰਜ਼ੇ ਦੀ ਨਾਮ ਨਸੀਬੋ
ਦੁਧ ਪੁਤ ਪ੍ਰਵਾਰਾ

ਮਿਰਜ਼ਾਂ ਮਾਪਿਆਂ ਨੂੰ
ਸੌ ਪੁਤਰਾਂ ਤੋਂ ਪਿਆਰਾ

੬

ਤੇਰੀ ਮੇਰੀ ਲੱਗੀ ਦੋਸਤੀ
ਪੜਦਾ ਨਾਲ ਪਿਆਰਾ
ਸਾਹਿਬਾਂ ਨਾਲ ਲੜਾਵੇ ਨੇਤਰ
ਕਹਿੰਦੇ ਲੋਕ ਹਜ਼ਾਰਾਂ
ਮਿਰਜ਼ੇ ਯਾਰ ਦੀਆਂ
ਘਰ ਘਰ ਛਿੜੀਆਂ ਵਾਰਾਂ

੭

ਸੌ ਸੌ ਕੋਹ ਤੋਂ ਚੜ੍ਹੀ ਲੁਕਾਈ
ਮਿਰਜ਼ਾ ਵੇਖਣ ਆਵੇ
ਬਈ ਮਿਰਜ਼ਾ ਖਰਲਾਂ ਦਾ
ਅਜ ਵਧਕੇ ਬੋਲੀ ਪਾਵੇ

੮

ਹੀਰਿਆ ਹਰਨਾ ਬਾਗੀਂ ਚਰਨਾਂ
ਬਾਗੀਂ ਤਾਂ ਹੋ ਗਈ ਚੋਰੀ
ਪਹਿਲੋਂ ਲੰਘ ਗਿਆ ਕੈਂਠੇ ਵਾਲਾ
ਮਗਰੋਂ ਲੰਘ ਗਈ ਗੋਰੀ

ਬੂਕ ਬੂਕ ਰੋਂਦੀ ਸਾਹਿਬਾਂ ਬਹਿਕੇ
ਜਿੰਦ ਗਮਾਂ ਨੇ ਖੋਰੀ
ਕੂਕਾਂ ਪੈਣਗੀਆਂ
ਨਿਹੁੰ ਨਾ ਲਗਦੇ ਚੋਰੀ

## ਸੋਹਣੀ ਮਹੀਂਵਾਲ

੧

ਹਸਕੇ ਨਿਹੁੰ ਨਾ ਲਾਇਆ ਕਰ ਤੂੰ
ਸੁਣ ਲੈ ਨਿਹੁੰ ਦੇ ਝੇੜੇ

ਕੱਚਾ ਭੂਤਨਾ ਬਣਕੇ ਚਿੰਬੜਦਾ
ਨਿਹੁੰ ਨੂੰ ਜਿਹੜਾ ਛੇੜੇ

ਛੱਡੀ ਕੋਠੜੀਆਂ ਨੌਂ ਦਰਵਾਜ਼ੇ
ਜਿੱਥੇ ਨਿਹੁੰ ਦੇ ਡੇਰੇ

ਸੋਹਣੀ ਪੁੱਛੇ ਮਹੀਂਵਾਲ ਨੂੰ
ਕੀ ਹਾਲ ਆ ਗਭਰੂਆ ਤੇਰੇ

੨

ਨ੍ਹਾਵੇ ਧੋਵੇ ਸੋਹਣੀ ਪਹਿਨੇ ਪੁਸ਼ਾਕਾਂ
ਅਤਰ ਫ਼ੁਲੇਲ ਲਗਾਵੇ
ਗਿੱਧੇ ਵਿਚ ਉਹ ਹਸ ਹਸ ਆਵੇ
ਮਹੀਂਵਾਲ ਮਹੀਂਵਾਲ ਗਾਵੇ
ਸੋਹਣੀ ਦੀ ਠੋਡੀ ਤੇ
ਮਛਲੀ ਹੁਲਾਰੇ ਖਾਵੇ

੩

ਮੱਥਾ ਤੇਰਾ ਚੌਰਸ ਖੂੰਜਾ
ਜਿਊਂ ਮੱਕੀ ਦੇ ਕਿਆਰੇ
ਉਠ ਖੜ ਸੋਹਣੀਏਂ ਨੀ
ਮਹੀਂਵਾਲ ਹਾਕਾਂ ਮਾਰੇ

੪

ਮਹੀਂਵਾਲ ਨੇ ਕਰੀ ਤਿਆਰੀ
ਮੋਢੇ ਜਾਲ ਟਕਾਇਆ
ਲੀੜੇ ਲਾਹਕੇ ਰੱਖੇ ਪੱਤਣ ਤੇ
ਜਾਲ ਚੁਫੇਰੇ ਲਾਇਆ
ਅੱਗੇ ਤਾਂ ਮਛਲੀ ਸੌ ਸੌ ਫਸਦੀ

ਅੱਜ ਲੋਹੜਾ ਕੀ ਆਇਆ
ਯਾਰ ਮੇਰੇ ਨੇ ਮੰਗਣਾ ਗੋਸ਼ਤ
ਮੈਨੂੰ ਨਹੀਂ ਥਿਆਇਆ
ਲੈਕੇ ਫੇਰ ਨਾਮ ਗੁਰਾਂ ਦਾ
ਚੀਰਾ ਪੱਟ ਨੂੰ ਲਾਇਆ
ਢੇਡ ਸੇਰ ਜਾਂ ਕਢ ਲਿਆ ਗੋਸ਼ਤ
ਵਿਚ ਥਾਲ ਦੇ ਪਾਇਆ
ਲੈਕੇ ਮਹੀਂਵਾਲ ਤੁਰ ਪਿਆ
ਕੋਲ ਸੋਹਣੀ ਦੇ ਆਇਆ
ਖਾਤਰ ਸੋਹਣੀ ਦੀ
ਪੱਟ ਚੀਰ ਕਬਾਬ ਬਣਾਇਆ

੫

ਤੂੰ ਹਸਦੀ ਦਿਲ ਰਾਜ਼ੀ ਮੇਰਾ
ਲਗਦੇ ਨੇ ਬੋਲ ਪਿਆਰੇ
ਚਲ ਕਿਧਰੇ ਦੋ ਗੱਲਾਂ ਕਰੀਏ
ਬਹਿਕੇ ਨਦੀ ਕਿਨਾਰੇ
ਲੁਕ ਲੁਕ ਲਾਈਆਂ ਪਰਗਟ ਹੋਈਆਂ
ਬਜ ਗਏ ਢੋਲ ਨਗਾਰੇ
ਸੋਹਣੀਏਂ ਆਜਾ ਨੀ
ਡੁਬਦਿਆਂ ਨੂੰ ਰੱਬ ਤਾਰੇ

ਕਿਕਰੇ ਨੀ ਕੰਡਿਆਲੀਏ
ਤੇਰੀ ਠੰਡੜੀ ਛਾਂ
ਲਗ ਲਗ ਜਾਂਦੀਆਂ ਮਜਲਸਾਂ
ਬਹਿ ਬਹਿ ਜਾਣ ਦੀਵਾਨ
ਨੀਲੇ ਘੋੜੇ ਵਾਲਿਆ
ਘੋੜਾ ਸਹਿਜ ਦੁੜਾ
ਧਮਕ ਪਵੇ ਮੇਰੇ ਮਹਿਲ ਨੂੰ
ਕਜਲੇ ਪਏ ਰਵਾਲ
ਬਾਰੀ ਵਿਚ ਖੜੋਤੀਏ
ਸ਼ੀਸਾ ਨਾ ਲਿਸ਼ਕਾ
ਕਹਿਰ ਪਵੇ ਤੇਰੇ ਰੂਪ ਨੂੰ
ਗਿਆ ਕਲੇਜੇ ਨੂੰ ਖਾ
ਪੱਟੀਆਂ ਰੱਖ ਗਵਾ ਲਈਆਂ
ਨੈਣ ਗਵਾ ਲਏ ਰੋ
ਏਸ ਜਵਾਨੀ ਦੇ ਹਾਣ ਦਾ
ਮਹਿਰਮ ਮਿਲਿਆ ਨਾ ਕੋ
ਪੱਟੀਆਂ ਰੱਖ ਗੁੰਦਾ ਕੇ
ਨੈਣਾਂ ਨੂੰ ਸਮਝਾ
ਏਸ ਜਵਾਨੀ ਦੇ ਹਾਣ ਦਾ
ਮਹਿਰਮ ਹੈ ਮਹੀਂਵਾਲ

ਬਟਾ ਵੇ ਸੁਣ ਮੇਰਿਆ
ਸੋਹਣੀ ਨੂੰ ਸਮਝਾ
ਤੈਨੂੰ ਸੁੱਤਾ ਛੋਡਕੇ
ਜਾਂਦੀ ਕੋਲ ਮਹੀਂਵਾਲ
ਮਾਏਂ ਨੀ ਸੁਣ ਮੇਰੀਏ
ਐਡੇ ਬੋਲ ਨਾ ਬੋਲ
ਦਿਨੇ ਕਢੇ ਕਸੀਦੜਾ
ਰਾਤੀਂ ਸੌਂਦੀ ਸਾਡੇ ਕੋਲ
ਨਾਰੀਆਂ ਚੰਚਲ ਹਾਰੀਆਂ
ਚੰਚਲ ਕੰਮ ਕਰਨ
ਦਿਨੇ ਡਰਨ ਥਰ ਥਰ ਕਰਨ
ਰਾਤੀਂ ਨਦੀ ਤਰਨ
ਸਸ ਗਈ ਘੁੰਮਿਆਰ ਦੇ
ਕੱਚਾ ਘੜਾ ਪਥਾ
ਛੇਤੀ ਜਾਕੇ ਰੱਖਿਆ
ਉਸ ਬੂਝੇ ਲਾਗੇ ਜਾ
ਆ ਸੋਹਣੀ ਲੈ ਤੁਰ ਪਈ
ਠਿਲ੍ਹ ਪਈ ਦਰਿਆ
ਕੱਚਾ ਘੜਾ ਤੇ ਖੁਰ ਗਿਆ
ਸੋਹਣੀ ਵੀ ਡੁੱਬੀ ਨਾਲ
ਮੱਛੀਓ ਨੀ ਜਲ ਰਹਿੰਦੀਓ

ਵਢ, ਵਢ ਖਾਇਓ ਮਾਸ
ਇਕ ਨਾ ਖਾਵੋ ਨੈਣ ਅਸਾਡੜੇ
ਸਾਨੂੰ ਅਜੇ ਮਿਲਣ ਦੀ ਆਸ
ਦੁੱਧੋਂ ਦਹੀਂ ਜਮਾਇਆ
ਦਹੀਓਂ ਬਣ ਗਈ ਛਾਹ
ਅਜ ਨਹੀਂ ਸੋਹਣੀ ਆਂਵਦੀ
ਕਿਤੇ ਪੈ ਗਈ ਲੰਬੜੇ ਰਾਹ
ਦੁੱਧੋਂ ਦਹੀਂ ਜਮਾ ਲਿਆ
ਦਹੀਓਂ ਬਣਿਆ ਪਨੀਰ
ਅਜ ਨਹੀਂ ਸੋਹਣੀ ਆਂਵਦੀ
ਕਿਤੇ ਪੈ ਗਈ ਡੂੰਘੇ ਨੀਰ

੭

ਰਾਤ ਹਨੇਰੀ ਲਿਸ਼ਕਣ ਤਾਰੇ
ਕੱਚੇ ਘੜੇ ਤੇ ਮੈਂ ਤਰਦੀ
ਵੇਖੀਂ ਰੱਬਾ ਖੈਰ ਕਰੀਂ
ਤੇਰੀ ਆਸ ਤੇ ਮੂਲ ਨਾ ਡਰਦੀ

੮

ਨਦੀਓਂ ਪਾਰ ਮੇਰੇ ਮਾਹੀ ਦਾ ਡਰਾ
ਮੈਨੂੰ ਵੀ ਲੈ ਚਲ ਪਾਰ ਘੜਿਆ
ਵੇਖਣ ਨੂੰ ਦੋਵੇਂ ਨੈਣ ਤਰਸਦੇ

ਮੇਲ ਦਈਂ ਦਿਲਦਾਰ ਘੜਿਆ
ਨੀਵਾਂ ਨੀਵਾਂ ਕਿਉਂ ਹੁੰਦਾ ਜਾਵੇਂ
ਦਰਿਆ ਠਾਠਾਂ ਮਾਰਦਾ ਏ
ਬੇ ਵਫਾਈਂ ਨਹੀਂ ਕਰਨੀ ਚਾਹੀਏ
ਖੜਕੇ ਅੱਧ ਵਿਚਕਾਰ ਘੜਿਆ
ਨਦੀਓਂ ਪਾਰ ਮੇਰੇ ਮਾਹੀ ਦਾ ਡੇਰਾ
ਮੈਨੂੰ ਵੀ ਲੈ ਚਲ ਪਾਰ ਘੜਿਆ
ਵੇਖਣ ਨੂੰ ਦੋਵੇਂ ਨੈਣ ਤਰਸਦੇ
ਮੇਲ ਦਈਂ ਦਿਲਦਾਰ ਘੜਿਆ
ਬਣ ਸਾਥੀ ਅਜ ਸਾਥ ਨਭਾਵੀਂ
ਰੋ ਰੋ ਕੇ ਸੋਹਣੀ ਪੁਕਾਰਦੀ ਸੀ
ਯਾਰ ਮਿਲਾਵੀਂ ਨਾ ਖੁਰ ਜਾਵੀਂ
ਆਖਾਂ ਮੈਂ ਅਰਜ਼ ਗੁਜ਼ਾਰ ਘੜਿਆ
ਨਦੀਓਂ ਪਾਰ ਮੇਰੇ ਮਾਹੀ ਦਾ ਡੇਰਾ
ਮੈਨੂੰ ਵੀ ਲੈ ਚਲ ਪਾਰ ਘੜਿਆ
ਵੇਖਣ ਨੂੰ ਦੋਵੇਂ ਨੈਣ ਤਰਸਦੇ
ਮੇਲ ਦਈਂ ਦਿਲਦਾਰ ਘੜਿਆ
ਸ਼ਹੁ ਪਾਣੀ ਵਿਚ ਮਿੱਟੀ ਇਹ ਖੁਰਸੀ
ਮੈਂ ਇਯਾਣੀ ਇਹ ਨਾ ਜਾਣਦੀ ਸਾਂ
ਜੀਵਨ ਕੁਠੜੀ ਆਜਿਜ਼ ਲਠੜੀ
ਆ ਗਈ ਅਜਲ ਵਾਲੀ ਤਾਰ ਘੜਿਆ

ਨਦੀਓਂ ਪਾਰ ਮੇਰੇ ਮਾਹੀ ਦਾ ਡੇਰਾ
ਮੈਨੂੰ ਵੀ ਲੈ ਚਲ ਪਾਰ ਘੜਿਆ
ਵੇਖਣ ਨੂੰ ਦੋਵੇਂ ਨੈਣ ਤਰਸਦੇ
ਮੇਲ ਦਈਂ ਦਿਲਦਾਰ ਘੜਿਆ

੯

ਕੱਚੇ ਘੜੇ ਨੇ ਖੈਰ ਨਾ ਕੀਤੀ
ਡਾਢਾ ਜ਼ੁਲਮ ਕਮਾਇਆ
ਜਿੱਥੇ ਸੋਹਣੀ ਡੁਬਕੇ ਮਰੀ
ਉਥੇ ਮੱਛੀਆਂ ਨੇ ਘੇਰਾ ਪਾਇਆ

੧੦

ਸੋਹਣੀ ਜਹੀ ਕਿਸੇ ਪ੍ਰੀਤ ਕੀ ਕਰਨੀ
ਉਹਦਾ ਪ੍ਰੀਤ ਵੀ ਪਾਣੀ ਭਰਦੀ
ਵਿਚ ਝਨਾਵਾਂ ਦੇ
ਸੋਹਣੀ ਆਪ ਡੁੱਬੀ ਰੂਹ ਤਰਦੀ

# ਸੂਚੀ ਕਿੱਸਾ-ਕਾਰ

**ਹੀਰ ਰਾਂਝਾ**

ਦਮੋਦਰ
ਵਾਰਸ਼ ਸ਼ਾਹ
ਮੁਕਬਲ
ਹੁਸੈਨ
ਫਜ਼ਲ ਸ਼ਾਹ
ਰੋਸ਼ਨ
ਜੋਗ ਸਿੰਘ
ਹਾਸ਼ਮ
ਪੀਰ ਮੁਹੰਮਦ ਸ਼ਾਹ
ਭਗਵਾਨ ਸਿੰਘ
ਮੌਲਾ ਸ਼ਾਹ
ਲਾਹੌਰੀ ਸਿੰਘ
ਕਾਹਨ ਸਿੰਘ
ਮੌਲਵੀ ਨੂਰਉਲਦੀਨ
ਮੌਲਾ ਬਖਸ਼ ਕੁਸ਼ਤਾ
ਚੰਨਣ ਸਿੰਘ, ਭਾਨ ਸਿੰਘ
ਬਾਵਾ ਬੰਸੀ ਵਾਲ
ਕਿਸ਼ਨ ਸਿੰਘ ਆਰਫ
ਗੋਕਲ ਚੰਦ
ਰਣ ਸਿੰਘ
ਹਜ਼ੂਰਾ ਸਿੰਘ
ਨਰੈਣ ਸਿੰਘ
ਅਹਿਮਦ ਯਾਰ
ਮੀਆਂ ਅਸ਼ਰਫ
ਗੁਰਦਾਸ ਗੁਣੀ
ਅਹਿਮਦ ਗੁੱਜਰ
ਸੂਬਾ ਸਿੰਘ
ਸਯੱਦ ਮੀਰਾਂ ਸ਼ਾਹ
ਪੀਰਾਂ ਦਿੱਤਾ

**ਸੱਸੀ ਪੁੰਨੂੰ**

ਹਾਸ਼ਮ
ਫਜ਼ਲ ਸ਼ਾਹ
ਅਹਿਮਦ ਯਾਰ

ਲਖ ਸ਼ਾਹ
ਨੱਥਾ ਸਿੰਘ
ਹਰਨਾਮ ਸਿੰਘ
ਮਿਲਖੀ
ਬਾਬਾ ਮੇਹਰ ਸਿੰਘ
ਇੰਦਰ ਸਿੰਘ ਮਸਕੀਨ
ਗ਼ੁਲਾਮ ਰਸੂਲ
ਛੱਜੂ ਸਿੰਘ
ਮੋਹਨ ਲਾਲ
ਮੌਲਾ ਸ਼ਾਹ ਕਾਦਰੀ
ਕਰੀਮ ਬਖਸ਼
ਮੀਆਂ ਬਿਹਬਲ
ਹਾਫ਼ਜ਼ ਬਰਖੁਰਦਾਰ

**ਸੋਹਣੀ ਮਹੀਂਵਾਲ**

ਕਾਦਰ ਯਾਰ
ਅਹਿਮਦ ਯਾਰ
ਫਜ਼ਲ ਸ਼ਾਹ
ਜੀਵਾ ਸਿੰਘ
ਭਗਵਾਨ ਸਿੰਘ
ਫਜ਼ਲ ਦੀਨ
ਜੋਧ ਸਿੰਘ
ਮਾਨ ਦਾਸ
ਪਾਲ ਸਿੰਘ ਆਰਫ

ਬਾਘ ਸਿੰਘ
ਮੀਰਾਂ ਸ਼ਾਹ
ਬਿਸ਼ਨ ਸਿੰਘ
ਸਦਾ ਰਾਮ (ਪੰਡਤ)
ਸਦਾ ਰਾਮ (ਸਾਧੂ)
ਗੰਗਾ ਰਾਮ
ਸੁੰਦਰ ਸਿੰਘ
ਮੀਆਂ ਮੁਹੰਮਦ
ਮੁਹੰਮਦ ਬੂਟਾ
ਬਜਾਰਾ ਸਿੰਘ
ਭਾਈ ਮਿਤ ਸਿੰਘ
ਫ਼ਕੀਰ ਅਕਬਰ ਸ਼ਾਹ
ਮੁਸ਼ਤਾਕ ਰਜਾ
ਸਯਦ ਝੰਡੇ ਸ਼ਾਹ
ਹਾਸ਼ਮ
ਮੌਲਾ ਸ਼ਾਹ
ਗੁਪਾਲ ਸਿੰਘ

**ਮਿਰਜ਼ਾ ਸਾਹਿਬਾਂ**

ਪੀਲੂ
ਹਾਫਜ਼ ਬਰਖੁਰਦਾਰ
ਮੀਆਂ ਸ਼ੇਰ ਮੁਹੰਮਦ
ਸਰਜੂ ਰਾਮ
ਭਗਵਾਨ ਸਿੰਘ
ਜੀਵਾ ਸਿੰਘ

ਮੌਲਵੀ ਮੁਹੰਮਦ ਨਿਜਾਮੀ
ਮੁਹੰਮਦ ਉਲਦੀਨ ਕਾਦਰੀ
ਬੂਟਾ ਗੁਜਰਾਤੀ
ਮੀਆਂ ਮੁਹੰਮਦ
ਫਕੀਰ ਮੁਹੰਮਦ ਸ਼ਾਹ
ਅਹਿਮਦ ਯਾਰ

**ਕਾਕਾ ਪਰਤਾਪੀ**

ਗੁਰਦਿਤ ਸਿੰਘ
ਗੁਰਦਿਆਲ ਸਿੰਘ
ਛੱਜੂ ਸਿੰਘ
ਗੋਕਲ ਚੰਦ
ਚੌਧਰੀ, ਘਸੀਟਾ
ਈਸ਼ਰ ਸਿੰਘ

**ਸੋਹਣਾ ਜ਼ੇਨੀ**

ਮੁਨਸ਼ੀ ਖਾਹਸ਼ ਅਲੀ
ਜਲਾਲ
ਬਖਸ਼ੀ ਈਸਾਈ

**ਇੰਦਰ ਬੇਗੋ**

ਨਰੈਣ ਸਿੰਘ
ਪੂਰਨ ਚੰਦ
ਮੰਗਤ ਰਾਮ
ਛੱਜੂ ਸਿੰਘ

**ਰੋਡਾ ਜਲਾਲੀ**

ਬੂਟਾ ਗੁਜਰਾਤੀ
ਪੰਡਤ ਕਿਸ਼ੋਰ ਚੰਦ

# ਪੁਸਤਕ-ਸੂਚੀ


ਅੰਗਰੇਜ਼ੀ

ਆਰ. ਸੀ. ਟੈਂਪਲ : ਦੀ ਲੀਜੇਂਡਸ ਆਫ ਦੀ ਪੰਜਾਬ (੧੮੮੫)

ਐਫ. ਏ. ਸਟੀਲ : ਟੇਲਜ਼ ਆਫ ਦੀ ਪੰਜਾਬ (੧੮੯੪)

ਸੀ. ਸਵਿਨਰਟਨ : ਰੋਮਾਂਟਿਕ ਟੇਲਜ਼ ਫਰਾਮ ਦੀ ਪੰਜਾਬ (੧੯੦੩)

ਪੰਜਾਬੀ

ਤੇਜਾ ਸਿੰਘ ਤੇ ਸ.ਸ. ਅਮੋਲ : ਪੰਜਾਬੀ ਭੌਰੇ (੧੯੩੨)

ਸੁਰਿੰਦਰ ਸਿੰਘ ਕੋਹਲੀ : ਪੰਜਾਬ ਦੀਆਂ ਪ੍ਰੀਤ ਕਹਾਣੀਆਂ (੧੯੪੪)

ਮਹਿੰਦਰ ਸਿੰਘ ਰੰਧਾਵਾ : ਪ੍ਰੀਤ ਕਹਾਣੀਆਂ (੧੯੫੭)

ਗੁਰਬਖਸ਼ ਸਿੰਘ : ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ (੧੯੬੦)

ਸੁਖਦੇਵ ਮਾਦਪੁਰੀ : ਨੈਣਾਂ ਦੇ ਵਣਜਾਰੇ (੧੯੬੨)

